Excellence in Agri Info
KHETI DUNIYAN, PATIALA

ਭਾਰਤ ਦਾ ਇੱਕੋ-ਇੱਕ ਪੰਜਾਬੀ ਖੇਤੀਬਾੜੀ ਅਖਬਾਰ (ਨਿਊਜ਼-ਪੇਪਰ)

ਖੇਤੀ ਦੁਨੀਆਂ

Rs.8/-

Member of AB Audit Bureau of Circulation

All Subject to Patiala Jurisdiction.

www.khetiduniyan.in

Editor : H.S. Nanda • RNI/42269/83 • Issue Dated 20-06-2020 • Vol.38 No.25 • Ph. : 0175-2214575, 5000386 • Page : 16 • E-mail : kdpublications@yahoo.co.in

ਝੋਨੇ ਦੀ ਸਿੱਧੀ ਬਿਜਾਈ ਇੱਕ ਗੰਭੀਰ ਮਸਲਾ

ਸਾਲ 1970 ਤੋਂ ਪਹਿਲਾਂ ਦੇਸ਼ ਦੇ ਅੰਦਰ ਝੋਨੇ ਦੀ ਸਿੱਧੀ ਬਿਜਾਈ, ਛਿੜਕਵਾਂ ਵਿੱਧੀ ਨਾਲ ਕੀਤੀ ਜਾਂਦੀ ਸੀ, ਪ੍ਰੰਤੂ ਬਰਸਾਤ ਦੇ ਮੌਸਮ ਵਿੱਚ ਛਿੜਕਵਾਂ ਵਿੱਧੀ ਨਾਲ ਬੀਜੀ ਝੋਨੇ ਦੀ ਫਸਲ ਵਿੱਚ ਨਦੀਨਾਂ ਦੀ ਰੋਕਥਾਮ ਕਰਨਾ, ਇਕ ਸਖਤ ਕਾਰਜ ਸੀ ਅਤੇ ਉਸ ਸਮੇਂ ਖੜੀ ਫਸਲ ਵਿੱਚੋਂ ਨਦੀਨਾਂ ਦੀ ਰੋਕਥਾਮ ਕਰਨ ਲਈ, ਕਿਸੇ ਤਰ੍ਹਾਂ ਦਾ ਰਸਾਇਣ (ਨਦੀਨ-ਨਾਸ਼ਕ) ਉਪਲਬਦ ਨਹੀਂ ਸੀ । ਨਦੀਨਾਂ ਦੇ ਕਾਰਨ ਉਤਪਾਦਨ ਘੱਟ ਹੁੰਦਾ ਸੀ । ਐਸੀ ਸਥਿਤੀ ਵਿੱਚ ਕਿਸਾਨ ਵਧੇਰੇ ਔਖੀ ਅਤੇ ਵਧੇਰੇ ਖਰਚੀਲੀ, ਰੋਪਾਈ ਵਿੱਧੀ ਨੂੰ ਅਪਨਾਉਣ ਲਗ ਪਏ, ਜਿਸ ਵਿਚ ਖੇਤਾਂ ਵਿੱਚ ਭਰਿਆ ਪਾਣੀ ਰੱਖਕੇ ਨਦੀਨਾਂ ਨੂੰ ਰੋਕਿਆ ਜਾ ਸਕਦਾ ਹੈ ਅਤੇ ਖੇਤਾਂ ਵਿੱਚ ਭਰੇ ਪਾਣੀ ਵਿੱਚ ਵਰਤੋਂ ਲਈ ਨਦੀਨ-ਨਾਸ਼ਕ ਵੀ ਹੁਣ ਉਪਲਬਦ ਹਨ । ਪ੍ਰੰਤੂ ਰੋਪਾਈ ਵਿੱਧੀ ਨਾਲ, ਇਕ ਕਿਲੋ ਝੋਨਾ ਉਤਪਾਦਨ ਵਿੱਚ 3000-5000 ਲੀਟਰ ਪਾਣੀ ਖਰਚ ਹੋ ਜਾਂਦਾ ਹੈ । ਏਸ਼ੀਆ ਵਿੱਚ ਕੁੱਲ ਸਿੰਚਾਈ-ਪਾਣੀ ਦਾ ਲਗਭਗ 50% ਪਾਣੀ ਝੋਨੇ ਦੀ ਫਸਲ ਦੀ ਸਿੰਚਾਈ ਵਿੱਚ ਹੀ ਲਗ ਜਾਂਦਾ ਹੈ ਅਤੇ ਏਸ਼ੀਆ ਵਿੱਚ, ਵਿਸ਼ਵ ਦੇ ਸਿੰਚਾਈ-ਪਾਣੀ ਦਾ ਲਗਭਗ 34-43% ਪਾਣੀ ਝੋਨੇ ਦੀ ਫਸਲ ਦੀ ਸਿੰਚਾਈ ਵਿੱਚ ਹੀ ਲਗ ਜਾਂਦਾ ਹੈ ।

ਝੋਨੇ ਦੇ ਉਤਪਾਦਨ ਕਰਨ ਲਈ, ਵੱਖ ਵੱਖ ਕੰਮਾਂ, ਜਿਵੇਂ ਪਾਣੀ, ਮਜ਼ਦੂਰਾਂ ਆਦਿ ਦੀ ਸਮੱਸਿਆ ਨੂੰ ਘੱਟ ਕਰਨ ਲਈ, ਝੋਨੇ ਦੀ ਸਿੱਧੀ ਬਿਜਾਈ ਨੂੰ ਉਤਸ਼ਾਹਿਤ ਕੀਤਾ ਜਾ ਰਿਹਾ ਹੈ । ਝੋਨੇ ਦੀ ਸਿੱਧੀ ਬਿਜਾਈ ਕਰਨ ਨਾਲ, ਝੋਨੇ ਦੀ ਪਨੀਰੀ ਉਗਾਉਣ ਦਾ ਪੂਰਾ ਖਰਚ, ਪੌਦ ਨੂੰ ਉਖਾੜਨ ਤੇ ਹੋਣ ਵਾਲਾ ਖਰਚ, ਮੁੱਖ ਖੇਤ ਦੀ ਤਿਆਰੀ, ਅਤੇ ਪੌਦ ਲਵਾਈ ਤੇ ਹੋਣ ਵਾਲੇ ਖਰਚ ਵਿੱਚ ਬੱਚਤ ਹੁੰਦੀ ਹੈ । ਇਸ ਦੇ ਨਾਲ ਹੀ ਪਡਲਿੰਗ ਕਰਨ ਸਮੇਂ ਮਿੱਟੀ ਦੇ ਕਣ ਵੀ ਟੁੱਟ ਜਾਂਦੇ ਹਨ । ਮਿੱਟੀ ਦੀ ਭੌਤਿਕ ਸਥਿਤੀ ਦਾ ਵੀ ਨੁਕਸਾਨ ਹੁੰਦਾ ਹੈ । ਬਰੀਕ ਚਿਕਨੀ ਮਿੱਟੀ ਦੇ ਕਣ ਵਿਖਰ ਜਾਂਦੇ ਹਨ ਅਤੇ ਘੱਟ ਗਹਿਰਾਈ ਤੇ ਸਖਤ ਪਰਤ ਬਣ ਜਾਂਦੀ ਹੈ । ਇਹ ਸਥਿਤੀ ਝੋਨੇ ਦੀ ਖੇਤੀ ਲਈ ਤਾਂ ਲਾਭਦਾਇਕ ਹੁੰਦੀ ਹੈ, ਕਿਉਕਿ ਇਸ ਨਾਲ ਖੇਤਾਂ ਵਿੱਚ ਪਾਣੀ ਖੇਤਾਂ ਵਿੱਚ ਖੜਾ ਰੱਖਣ ਵਿੱਚ ਮਦਦ ਮਿਲਦੀ ਹੈ, ਨਦੀਨਾਂ ਤੇ ਨਿਰੰਤਰ ਰਹਿੰਦਾ ਹੈ, ਪਾਣੀ ਅਤੇ ਪੌਸ਼ਟਿਕ ਤੱਤਾਂ ਦੀ ਉਪਲੱਭਧਤਾ ਵਿੱਚ ਸੁਧਾਰ ਹੁੰਦਾ ਹੈ, ਝੋਨੇ ਦੀ ਪੌਦ ਦੀ ਰੋਪਾਈ ਅਤੇ ਸਥਾਪਿਤ ਕਰਨ ਵਿੱਚ ਆਸਾਨੀ ਹੁੰਦੀ ਹੈ । ਪ੍ਰੰਤੂ ਇਹ ਮਿੱਟੀ ਦੇ ਭੌਤਿਕ ਗੁਣਾਂ ਤੇ ਮਾੜਾ ਅਸਰ ਪਾ ਕੇ, ਜਿਵੇਂ ਖਰਾਬ ਮਿੱਟੀ ਸਰਚਨਾ, ਮਿੱਟੀ ਦੀ ਹੇਠਲੀ ਤਹਿ ਤੇ ਪਾਣੀ ਘੱਟ ਪੁੱਜਦਾ ਹੈ ਅਤੇ ਇਸ ਸਥਿਤੀ ਦੇ ਬਣਨ ਨਾਲ ਅਗਲੀ ਫਸਲ ਦੇ ਵਾਧੇ ਅਤੇ ਉਪਜ ਤੇ ਮਾੜਾ ਅਸਰ ਪੈਂਦਾ ਹੈ । ਸਿੱਧੀ ਬਿਜਾਈ ਸਮੇਂ, ਪਡਲਿੰਗ ਨਾਂਹ ਕਰਨ ਸਮੇਂ, ਮਿੱਟੀ ਦੀ ਭੌਤਿਕ ਸਥਿਤੀ ਖਰਾਬ ਨਹੀਂ ਹੁੰਦੀ । ਇਸ ਸਮੇਂ ਮਜ਼ਦੂਰਾਂ ਦੀ ਘੱਟ ਜ਼ਰੂਰਤ ਹੁੰਦੀ ਹੈ । ਜਿਸ ਕਾਰਨ ਮਜ਼ਦੂਰਾਂ ਦੀ ਵਧੇਰੇ ਮੰਗ ਹੋਣ ਸਮੇਂ ਦੀ ਸਥਿਤੀ ਸਮੇਂ ਬਿਜਾਈ ਵਿੱਚ ਦੇਰੀ ਨਹੀਂ ਹੁੰਦੀ । ਸਿੱਧੀ ਬਿਜਾਈ, ਵਾਤਾਵਰਣ ਅਨੁਕੂਲ ਹੈ । ਇਸ ਸਥਿਤੀ ਸਮੇਂ ਪਾਣੀ ਦੀ ਬਰਬਾਦੀ ਘੱਟ ਹੁੰਦੀ ਹੈ ਅਤੇ ਪਾਣੀ ਭਰ ਕੇ ਪਡਲਿੰਗ ਕਰਨ ਦੀ ਥਾਂ ਖੇਤਾਂ ਦਾ ਪਲੇਵਾ ਕਰਕੇ, ਬਿਜਾਈ ਕਰ ਦਿੱਤੀ ਜਾਂਦੀ ਹੈ । ਖੇਤਾਂ ਵਿੱਚ, ਬਨਸਪਤੀ-ਵਾਧੇ ਦੀ ਅਵਸਥਾ ਸਮੇਂ, ਪਾਣੀ ਭਰ ਕੇ ਨਹੀਂ ਰੱਖਣਾ ਪੈਂਦਾ । ਝੋਨੇ ਦੀ ਸਮੇਂ ਸਿਰ ਬਿਜਾਈ ਹੋਣ ਨਾਲ, ਸਮੇਂ ਸਿਰ ਫਸਲ ਦੀ ਵਾਢੀ ਹੋਣ ਦੇ ਕਾਰਨ, ਰਬੀ ਦੀ ਫਸਲਾਂ ਦੀ ਬਿਜਾਈ ਵਿੱਚ ਦੇਰੀ ਨਹੀਂ ਹੁੰਦੀ, ਜਿਸ ਕਾਰਨ ਦੋਹਾਂ ਫਸਲਾਂ ਤੋਂ ਚੰਗੀ ਪੈਦਾਵਾਰ ਮਿਲ ਜਾਂਦੀ ਹੈ ।

ਖੇਤੀ ਯੂਨੀਵਰਸਿਟੀਆਂ ਅਤੇ ਵਿਗਿਆਨੀਆਂ ਤੋਂ ਸਿੱਧਾ ਸਵਾਲ

ਜੇ ਸਿੱਧੀ ਬਿਜਾਈ ਸੰਭਵ ਸੀ ਤਾਂ ਕਿਉਂ ਖੜੇ ਪਾਣੀ ਵਿੱਚ ਖੇਤੀ ਨੂੰ ਉਤਸ਼ਾਹਿਤ ਕੀਤਾ ਗਿਆ?

ਝੋਨੇ ਦੀ ਸਿੱਧੀ ਬਿਜਾਈ ਦੇ ਲਾਭ ?

ਮਜ਼ਦੂਰੀ ਦੀ ਬੱਚਤ : ਰਵਾਇਤੀ ਝੋਨੇ ਦੀ ਰੋਪਾਈ ਵਿੱਧੀ ਦੇ ਮੁਕਾਬਲੇ ਸਿੱਧੀ ਬਿਜਾਈ ਸਮੇਂ, ਸਿਰਫ 1-2 ਮਜ਼ਦੂਰਾਂ ਦੀ ਲੋੜ ਹੁੰਦੀ ਹੈ ।

★ ਆਸਾਨ ਅਤੇ ਤੇਜ਼ ਵਿਉਂਤਬੰਦੀ ਕਾਰਨ, ਇਕ ਨਿਸ਼ਚਿਤ ਸਮੇਂ ਵਿੱਚ ਬਿਜਾਈ ਪੂਰੀ ਹੋ ਜਾਂਦੀ ਹੈ ।

★ ਸਿੱਧੀ ਬਿਜਾਈ ਸਮੇਂ, ਫਸਲ ਦੀ ਸਮੇਂ ਸਿਰ ਬਿਜਾਈ ਅਤੇ ਚੰਗਾ ਉਤਪਾਦਨ ।

★ ਜਲ ਸਰੋਤਾਂ ਦਾ ਬੇਹਤਰ ਉਪਯੋਗ ।

★ ਵਧੇਰੇ ਲਾਭਦਾਇਕ, ਖਾਸ ਤੌਰ ਤੇ ਸੀਮਿਤ ਸਿੰਚਾਈ ਸਹੂਲਤ ਸਮੇਂ ਦੀ ਸਥਿਤੀ ਸਮੇਂ ।

ਖੋਜਾਂ ਅਨੁਸਾਰ, ਝੋਨੇ ਦੀ ਸਿੱਧੀ ਬਿਜਾਈ ਕਰਨ ਸਮੇਂ, ਖੇਤਾਂ ਦੀ ਬੇਹਤਰ ਢੰਗ ਨਾਲ ਵਿਉਂਤਬੰਦੀ ਕੀਤੀ ਜਾਵੇ ਤਾਂ ਇਸ ਨਾਲ ਰੋਪਾਈ ਕੀਤੇ ਗਏ ਝੋਨੇ ਦੇ ਬਰਾਬਰ (ਖੋਜਾਂ ਅਨੁਸਾਰ 22 ਤੋਂ 27 ਕੁਇੰਟਲ/ਹੈਕਟੇਅਰ ਤੱਕ) ਉਤਪਾਦਨ ਪ੍ਰਾਪਤ ਕੀਤਾ ਜਾ ਸਕਦਾ ਹੈ । ਘੱਟ ਮੀਥੇਨ ਗੈਸ ਦਾ ਪੈਦਾ ਹੋਣਾ ।

ਖੁਸ਼ਕ ਸਿੱਧੀ ਬਿਜਾਈ : ਖੋਜਾਂ ਦੇ ਆਧਾਰ ਤੇ ਪਾਇਆ ਗਿਆ ਕਿ ਆਰਥਿਕ ਪੱਖੋਂ, ਖੜੇ ਪਾਣੀ ਵਿੱਚ ਰੋਪਾਈ ਕੀਤੇ ਝੋਨੇ ਦੇ ਮੁਕਾਬਲੇ, ਸਿੱਧੀ ਬਿਜਾਈ ਸਮੇਂ ਮੁਨਾਫਾ ਲਾਗਤ ਅਨੁਪਾਤ 2.29 ਤੋਂ 3.12 ਜਦੋਂ ਕਿ ਰੋਪਾਈ ਸਮੇਂ 1.93 ਤੋਂ 2.66 ਹੈ ।

ਖੋਜਾਂ ਦੇ ਆਧਾਰ ਤੇ ਪਾਇਆ ਗਿਆ ਕਿ ਝੋਨੇ ਦੀ ਸਿੱਧੀ ਬਿਜਾਈ ਸਮੇਂ ਪਾਣੀ ਦੀ ਉਤਪਾਦਕਤਾ, ਰੋਪਾਈ ਕੀਤੇ ਝੋਨੇ ਨਾਲੋਂ 25% ਵਧੇਰੇ ਹੈ ।

ਸਿੱਧੀ ਬਿਜਾਈ ਸਮੇਂ, ਮਜ਼ਦੂਰੀ ਦੀ ਬੱਚਤ, ਰੋਪਾਈ ਕੀਤੇ ਝੋਨੇ ਨਾਲੋਂ 13-37% ਵਧੇਰੇ ਹੈ ।

ਝੋਨੇ ਦੀ ਸਿੱਧੀ, ਰੋਪਾਈ ਕੀਤੀ ਗਏ, ਝੋਨੇ ਦਾ ਬੇਹਤਰ ਬਦਲ ਹੈ ਅਤੇ ਵਾਤਾਵਰਣ ਅਨੁਕੂਲ ਹੋਣ ਦੇ ਨਾਲ ਨਾਲ ਤਕਨੀਕੀ ਅਤੇ ਆਰਥਿਕ ਪੱਖੋਂ ਵੀ ਬੇਹਤਰ ਹੈ ।

ਝੋਨੇ ਦੀ ਸਿੱਧੀ ਬਿਜਾਈ ਸਮੇਂ, ਨਰਸਰੀ ਵਿੱਚ ਪੌਦ ਤਿਆਰ ਨਾਂਹ ਕਰਕੇ , ਸਗੋਂ ਬੀਜਾਂ ਨੂੰ ਸਿੱਧਿਆਂ ਹੀ ਮੁੱਖ ਖੇਤਾਂ ਵਿੱਚ ਬੀਜ ਦਿੱਤਾ ਜਾਂਦਾ ਹੈ, ਜਿਵੇਂ ਪਹਿਲਾਂ ਅੰਕੁਰ ਕੀਤੇ ਬੀਜਾਂ ਨੂੰ ਪਡਲਿੰਗ ਕੀਤੇ ਖੇਤਾਂ ਵਿੱਚ ਜਾਂ ਪਾਣੀ ਭਰੇ ਖੇਤਾਂ ਵਿੱਚ ਵਿਖੇਰ ਕੇ ਬੀਜਣਾ ਜਾਂ ਪਡਲਿੰਗ ਕੀਤੇ ਖੇਤਾਂ ਵਿੱਚ ਡਰੰਮ-ਸੀਡਰ ਨਾਲ ਬੀਜਣਾ ਜਾਂ ਸੁੱਕੇ ਬੀਜਾਂ ਨੂੰ ਸੀਡ-ਡਰਿਲ ਨਾਲ ਬੀਜਣਾ ਹੈ ।

ਮਿੱਟੀ ਦੀ ਕਿਸਮ : ਝੋਨੇ ਦੀ ਸਿੱਧੀ ਬਿਜਾਈ ਲਈ ਮੱਧ ਜਾਂ ਭਾਰੀ ਮਿੱਟੀਆਂ ਵਿੱਚ ਕਰਨਾ ਠੀਕ ਰਹਿੰਦਾ ਹੈ । ਹਲਕੀਆਂ ਮਿੱਟੀਆਂ ਵਿੱਚ ਆਮ ਤੌਰ ਤੇ ਆਇਰਨ (ਲੋਹੇ) ਦੀ ਕਮੀਂ ਹੋਣ ਕਾਰਨ, ਫਸਲ ਦੇ ਵਾਧੇ ਅਤੇ ਉਤਪਾਦਨ ਤੇ ਮਾੜਾ ਅਸਰ ਪੈਂਦਾ ਹੈ ।

ਬਿਜਾਈ ਦਾ ਸਮਾਂ : ਆਮ ਤੌਰ ਤੇ ਝੋਨੇ ਦੀ ਸਿੱਧੀ ਬਿਜਾਈ ਲਈ ਜੂਨ ਦੇ ਤੀਜੇ ਹਫਤੇ ਤੱਕ ਦਾ ਸਮਾਂ ਯੋਗ ਰਹਿੰਦਾ ਹੈ ਅਤੇ ਬਾਸਮਤੀ ਦੀ ਸਿੱਧੀ ਬਿਜਾਈ ਲਈ ਜੂਨ ਦਾ ਤੀਜਾ ਹਫਤਾ ਯੋਗ ਸਮਝਿਆ ਜਾਂਦਾ ਹੈ । ਇਸ ਗੱਲ ਦਾ ਖਾਸ ਧਿਆਨ ਰੱਖਿਆ ਜਾਵੇ, ਕਿ ਬਿਜਾਈ ਲਈ ਜਾਤੀ ਲਈ ਜੋ ਸਿਫਾਰਿਸ਼ ਕੀਤੀ ਗਈ ਹੈ, ਉਸੇ ਅਨੁਸਾਰ ਬਿਜਾਈ ਕੀਤੀ ਜਾਵੇ ।

ਲੇਜ਼ਰ ਲੈਵਲਿੰਗ ਅਤੇ ਖੇਤ ਦੀ ਤਿਆਰੀ : ਝੋਨੇ ਦੀ ਸਿੱਧੀ ਬਿਜਾਈ ਸਮੇਂ, ਖੇਤ ਜਿਤਨਾ ਵੀ ਸਮਤਲ ਹੋਵੇਗਾ, ਉਤਨੇ ਹੀ ਚੰਗੇ ਨਤੀਜੇ ਪ੍ਰਾਪਤ ਹੋਣਗੇ । ਇਸ ਲਈ ਜ਼ਰੂਰੀ ਹੈ ਕਿ ਜਿਨ੍ਹਾਂ ਖੇਤਾਂ ਵਿੱਚ ਝੋਨੇ ਦੀ ਸਿੱਧੀ ਬਿਜਾਈ ਕਰਨੀ ਹੈ, ਤਾਂ ਇਕ ਮਹੀਨਾ ਪਹਿਲਾਂ ਹੀ ਖੇਤਾਂ ਦੀ ਲੇਜ਼ਰ ਲੈਵਲਰ ਨਾਲ ਪੱਧਰਾ ਕਰ ਲੈਣਾ ਚਾਹੀਦਾ ਹੈ । ਖੇਤ ਨੂੰ ਤਿਆਰ ਕਰਨ ਲਈ 2-3 ਵਾਹੀਆਂ ਡਿਸਕ ਹੈਰੋ ਜਾਂ ਕਲਟੀਵੇਟਰ ਨਾਲ ਜਾਂ ਰੋਟਾਵੇਟਰ ਨਾਲ ਖੇਤ ਨੂੰ ਤਿਆਰ ਕਰਕੇ ਪਲੇਵਾ/ਪਾਟਾ ਲਗਾ ਦੇਣਾ ਚਾਹੀਦਾ ਹੈ ।

ਬਿਜਾਈ ਯੰਤਰ ਅਤੇ ਬੀਜ ਦਾ ਫਾਸਲਾ : ਝੋਨੇ ਦੀ ਸਿੱਧੀ ਬਿਜਾਈ ਆਮ ਤੌਰ ਤੇ ਸੀਡ-ਕਮ ਫਰਟੀਲਾਈਜ਼ਰ ਡਰਿਲ, ਜ਼ੀਰੋ ਟਿਲ ਸੀਡ-ਕਮ ਫਰਟੀਲਾਈਜ਼ਰ ਡਰਿਲ, ਮਲਟੀ ਕਰਾਪ ਸੀਡ ਡਰਿਲ, ਵਰਟੀਕਲ ਪਲੇਟ ਮੀਟਰਿੰਗ ਮਕੈਨੀਇਜ਼ਮ, ਇੰਕਲਾਈਂਡ ਪਲੇਟ ਮੀਟਰਿੰਗ ਮਕੈਨੀਇਜ਼ਮ ਅਤੇ ਡਰੰਮ ਸੀਡਰ ਨਾਲ ਕੀਤੀ ਜਾ ਸਕਦੀ ਹੈ । ਇਸ ਵਿੱਚੋਂ ਇੰਕਲਾਈਂਡ ਪਲੇਟ ਮੀਟਰਿੰਗ ਮਕੈਨੀਇਜ਼ਮ ਸਭ ਤੋਂ ਵੱਧ ਚੰਗੇ ਨਤੀਜੇ ਦਿੰਦਾ ਹੈ, ਕਿਉਕਿ ਇਸ ਵਿੱਚ ਬੀਜ ਘੱਟ ਟੁੱਟਦਾ ਹੈ ਅਤੇ ਲਾਈਨ ਤੋਂ ਲਾਈਨ ਦੇ ਨਾਲ ਨਾਲ ਬੀਜ ਤੋਂ ਬੀਜ ਦੀ ਦੂਰੀ ਵੀ ਨਿਰਧਾਰਿਤ ਕਰਦਾ ਹੈ । ਖੁਸ਼ਕ ਵਿਧੀ ਸਮੇਂ ਬੀਜ ਦੀ ਗਹਿਰਾਈ 2-3 ਸੈਂਟੀਮੀਟਰ ਅਤੇ ਗਿਲ੍ਹੀ ਵਿਧੀ ਸਮੇਂ 3-5 ਸੈਂਟੀਮੀਟਰ ਰੱਖੀ ਜਾਂਦੀ ਹੈ । ਲਾਈਨ ਤੋਂ ਲਾਈਨ ਦੀ ਦੂਰੀ 20 ਸੈਂਟੀਮੀਟਰ ਰੱਖੀ ਜਾਂਦੀ ਹੈ ।

ਸਿੱਧੀ ਬਿਜਾਈ ਸਮੇਂ ਕਿਹੜੀ ਪ੍ਰਜਾਤੀਆਂ ਦੀ ਚੋਣ ਕੀਤੀ ਜਾਵੇ : ਸਿੱਧੀ ਬਿਜਾਈ ਲਈ ਜਲਦੀ ਪੱਕਣ (ਘੱਟ ਸਮੇਂ) ਵਾਲੀਆਂ ਕਿਸਮਾਂ, ਜਿਵੇਂ ਸਰਜੂ-52, ਨਰੇਂਦਰ-97, ਨਰੇਂਦਰ-359, ਮਾਲਵੀਆ ਧਾਨ-2, ਪੀ ਆਰ-115 ਅਤੇ ਬਾਸਮਤੀ ਦੀਆਂ ਪੂਸਾ ਬਾਸਮਤੀ-1509, ਪੂਸਾ ਬਾਸਮਤੀ-1121, ਪੂਸਾ ਬਾਸਮਤੀ-1, ਪੰਜਾਬ ਮਹਿਕ, ਸੀ ਐਸ ਆਰ-30 ਅਤੇ ਤਰਾਵੜੀ ਬਾਸਮਤੀ ਆਦਿ ਦੀ ਚੋਣ ਕਰਨੀ ਚਾਹੀਦੀ ਹੈ ।

ਬੀਜ ਦਰ ਅਤੇ ਬੀਜ ਉਪਚਾਰ : ਸੁੱਧ ਬੀਜ ਦੀ ਦਰ ਸੀਡ-ਡਰਿਲ ਵਿੱਚ 20-30 ਕਿਲੋ/ਹੈਕਟੇਅਰ ਰੱਖਣਾ ਚਾਹੀਦਾ ਹੈ । ਬਿਜਾਈ ਤੋਂ ਪਹਿਲਾਂ 2 ਗਰਾਮ ਸਟਰੈਪਟੋਸਾਈਕਲੀਨ+20 ਗਰਾਮ ਟਰਾਈਅਸਾਈਕਲਾਜ਼ੋਲ ਪ੍ਰਤੀ 10 ਕਿਲੋ ਬੀਜ ਦਰ ਨਾਲ ਸੋਧਿਆ ਜਾਵੇ ।

ਸੁੱਕੀ/ਖੁਸ਼ਕ ਸਿੱਧੀ ਬਿਜਾਈ : ਖੇਤ ਵਿੱਚ ਖੁਸ਼ਕ ਬੀਜ ਕਿਆਰੇ ਜਾਂ ਜ਼ੀਰੋ ਟਿਲੇਜ਼ ਜਾਂ ਰਵਾਇਤੀ ਵਿੱਧੀ ਨਾਲ ਬਿਜਾਈ ਲਈ ਕਿਆਰੇ ਤਿਆਰ ਕਰਕੇ, ਸੁਕਾ ਬੀਜ ਬਖੇਰ ਕੇ (2) ਰਵਾਇਤੀ ਢੰਗ ਨਾਲ ਬਿਜਾਈ ਲਈ ਕਿਆਰੇ ਤਿਆਰ ਕਰਕੇ ਡਿਬਲਿੰਗ ਵਿਧੀ ਜਾਂ (3) ਰਵਾਇਤੀ ਵਿੱਧੀ ਨਾਲ ਬਿਜਾਈ ਲਈ ਕਿਆਰੇ ਤਿਆਰ ਕਰਕੇ ਜਾਂ ਘੱਟ ਵਾਹੀ ਕਰਕੇ ਪਾਵਰ ਟਿਲਰ ਚਾਲਿਤ ਸੀਡ ਡਰਿਲ ਜਾਂ ਜ਼ੀਰੋ ਡਰਿੱਲ ਜਾਂ ਉੱਠੀਆਂ ਹੋਈਆਂ ਵੱਟਾਂ ਦਾ ਸੀਡ ਡਰਿਲ ਰਾਹੀਂ ਜਾਂ ਮਲਟੀ ਕਰਾਪ ਸੀਡ ਡਰਿਲ ਦੀ ਮਦਦ ਨਾਲ ਲਾਈਨਾਂ ਵਿੱਚ ਝੋਨੇ ਦੇ ਬੀਜਾਂ ਦੀ ਬਿਜਾਈ ਕਰਕੇ, ਸੁੱਕੀ/ਖੁਸ਼ਕ ਵਿੱਧੀ ਰਾਹੀਂ ਝੋਨੇ ਦੀ ਸਿੱਧੀ ਬਿਜਾਈ ਕੀਤੀ ਜਾ ਸਕਦੀ ਹੈ । ਲਾਈਨਾਂ ਵਿੱਚ ਬਿਜਾਈ ਕਰਨ ਸਮੇਂ, ਸੀਡ-ਕਮ ਫਰਟੀਲਾਈਜ਼ਰ ਡਰਿਲ ਦੀ ਵਰਤੋਂ ਕੀਤੀ ਜਾਵੇ । ਇਸ ਨਾਲ ਬੀਜ ਅਤੇ ਖਾਦ ਦੋਵੇਂ ਬਿਜਾਈ ਸਮੇਂ ਖੇਤਾਂ ਵਿਚ ਗਿਰਦਾ ਹੈ ।

ਜ਼ੀਰੋ ਟਿਲੇਜ ਮਸ਼ੀਨ ਜਾਂ ਮਲਟੀ-ਕਰਾਪ ਸੀਡ ਡਰਿਲ ਨਾਲ ਝੋਨੇ ਦੀ ਸਿੱਧੀ ਬਿਜਾਈ ਕਰਨ ਤੋਂ ਪਹਿਲਾਂ, ਮਸ਼ੀਨ ਨੂੰ 25-30 ਕਿਲੋ/ਹੈਕਟੇਅਰ ਬੀਜ ਅਤੇ 120

ਬਾਕੀ ਸਫਾ 16 'ਤੇ

ਘੱਟ ਸਮਾਂ ਲੈਣ ਵਾਲੀਆਂ ਕਿਸਮਾਂ ਦੀ ਪਨੀਰੀ ਦੀ ਉਮਰ ਜ਼ਿਆਦਾ ਵੱਡੀ ਨਾ ਕੀਤੀ ਜਾਵੇ । ਪੀ ਆਰ-126 ਤੋਂ ਚੰਗਾ ਝਾੜ ਲੈਣ ਲਈ ਇਸ ਦੀ ਬਿਜਾਈ 5 ਤੋਂ 10 ਜੂਨ ਦਰਮਿਆਨ ਅਤੇ ਲੁਆਈ 5 ਜੁਲਾਈ ਨੂੰ ਕਰੋ । ਪਰ ਤਿੰਨ ਫਸਲਾਂ ਵਾਲੇ ਫਸਲੀ ਚੱਕਰਾਂ ਵਿੱਚ ਹੀ ਇਸ ਦੀ ਬਿਜਾਈ 25 ਮਈ ਤੋਂ ਸ਼ੁਰੂ ਕੀਤੀ ਜਾ ਸਕਦੀ ਹੈ । ਮਾੜੇ ਪਾਣੀ ਵਾਲੇ ਇਲਾਕਿਆਂ ਵਿੱਚ ਪੀ ਆਰ-127 ਕਿਸਮ ਦੀ ਕਾਸ਼ਤ ਨਾ ਕੀਤੀ ਜਾਵੇ । ਬਾਸਮਤੀ ਦਾ ਰਕਬਾ ਪਿਛਲੇ ਸਾਲਾਂ ਵਿੱਚ 20 ਫੀਸਦੀ ਦੇ ਆਸ ਪਾਸ ਰਿਹਾ ਹੈ ਜੋ ਕਿ ਇਸ ਦੇ ਮੰਡੀਕਰਨ ਅਤੇ ਚੰਗੇ ਭਾਅ ਲਈ ਉਚਿੱਤ ਸੀ ।

ਬਹੁਤ ਅਹਿਮ ਹੈ ਝੋਨੇ ਦੀ ਬਿਜਾਈ ਲਈ ਵਿਉਂਤਬੰਦੀ

ਬੂਟਾ ਸਿੰਘ ਢਿੱਲੋਂ ਅਤੇ ਗੁਰਜੀਤ ਸਿੰਘ ਮਾਂਗਟ,
ਪਲਾਂਟ ਬਰੀਡਿੰਗ ਅਤੇ ਜੈਨੇਟਿਕਸ ਵਿਭਾਗ, ਪੀ. ਏ. ਯੂ., ਲੁਧਿਆਣਾ

ਪੰਜਾਬ ਵਿੱਚ ਝੋਨੇ ਦੀ ਕਾਸ਼ਤ ਨਾਲ ਸਬੰਧਤ ਮੁੱਦਿਆਂ ਵਿਚੋਂ ਧਰਤੀ ਹੇਠਲੇ ਪਾਣੀ ਦੇ ਪੱਧਰ ਵਿੱਚ ਗਿਰਾਵਟ ਅਤੇ ਝੋਨੇ ਦੀ ਪਰਾਲੀ ਦੀ ਸਾਂਭ ਸੰਭਾਲ ਅਹਿਮ ਹਨ । ਬਦਲਦੇ ਮੌਸਮ ਵਿੱਚ ਕੀੜੇ-ਮਕੌੜੇ, ਬਿਮਾਰੀਆਂ ਅਤੇ ਹੋਰ ਮੌਸਮੀ ਕਾਰਕਾਂ ਦਾ ਪ੍ਰਭਾਵ ਵੀ ਵਧ ਰਿਹਾ ਹੈ । ਇਸ ਦੇ ਨਾਲ-ਨਾਲ ਖੇਤੀ ਵਿੱਚ ਕੰਮ ਕਰਨ ਵਾਲੇ ਮਜ਼ਦੂਰਾਂ ਦੀ ਘਾਟ ਵੀ ਇਕ ਅਹਿਮ ਮਸਲਾ ਹੈ । ਇਹਨਾਂ ਮੁੱਦਿਆਂ ਨੂੰ ਧਿਆਨ ਵਿੱਚ ਰੱਖਦੇ ਹੋਏ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵੱਲੋਂ ਘੱਟ ਸਮੇਂ ਵਿੱਚ ਵੱਧ ਝਾੜ (ਪ੍ਰਤੀ ਦਿਨ ਜ਼ਿਆਦਾ ਉਤਪਾਦਿਕਤਾ), ਵਾਢੀ ਉਪਰੰਤ ਹਾੜੀ ਦੀਆਂ ਫਸਲਾਂ ਵਿੱਚ ਜ਼ਿਆਦਾ ਵਕਫਾ, ਘੱਟ ਪਰਾਲੀ, ਚੰਗੀ ਗੁਣਵੱਤਾ, ਬਿਮਾਰੀਆਂ ਪ੍ਰਤੀ ਸਹਿਣਸ਼ੀਲਤਾ ਅਤੇ ਬਦਲਦੇ ਮੌਸਮ ਦੇ ਅਨੁਕੂਲ ਰਹਿਣ ਵਾਲੀਆਂ ਕਿਸਮਾਂ ਵਿਕਸਿਤ ਕੀਤੀਆਂ ਗਈਆਂ ਹਨ ।

ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵੱਲੋਂ ਵਿਕਸਿਤ ਵੱਖ-ਵੱਖ ਕਿਸਮਾਂ ਅਤੇ ਤਕਨੀਕਾਂ ਨੂੰ ਤਰਤੀਬਵਾਰ ਅਪਨਾਉਣ ਨਾਲ ਝੋਨੇ ਦੀ ਬਿਜਾਈ ਨੂੰ ਜ਼ਿਆਦਾ ਸਮੇਂ ਵਿੱਚ ਵੰਡਿਆ ਜਾ ਸਕਦਾ ਹੈ । ਇਸ ਨਾਲ ਲੇਬਰ ਦੀ ਕਮੀ ਦੀ ਸਮੱਸਿਆਂ ਘਟੇਗੀ ।

ਉਪਰੋਕਤ ਪਰਮਲ ਝੋਨੇ ਦੀਆਂ ਕਿਸਮਾਂ ਦਰਮਿਆਨੇ ਤੋਂ ਘੱਟ ਸਮੇਂ ਵਾਲੀਆਂ ਹਨ । ਲੰਮਾ ਸਮਾਂ ਲੈਣ ਵਾਲੀਆਂ ਜਿਵੇਂ ਪੂਸਾ-44, ਪੀਲੀ ਪੂਸਾ ਆਦਿ ਵੀ ਕਾਸ਼ਤ ਨਾਲ ਫਸਲ ਦੀ ਕਟਾਈ ਵਿੱਚ ਦੇਰੀ ਅਤੇ ਨਾੜ ਦੀ ਸਾਂਭ ਸੰਭਾਲ ਵਿੱਚ ਮੁਸ਼ਕਿਲਾਂ ਆ ਸਕਦੀਆਂ ਹਨ । ਇਹਨਾਂ ਕਿਸਮਾਂ ਦੀ ਕਾਸ਼ਤ ਨਾਲ ਪਾਣੀ ਦੀ ਵਧੇਰੇ ਖਪਤ ਹੁੰਦੀ ਹੈ ਅਤੇ ਕੀਟਨਾਸ਼ਕਾਂ ਦਾ ਖਰਚਾ ਵੀ ਵਧਦਾ ਹੈ । ਇਸ ਲਈ ਇਹਨਾਂ ਦੀ ਕਾਸ਼ਤ ਤੋਂ ਗੁਰੇਜ਼ ਕੀਤਾ ਜਾਵੇ ।

ਘੱਟ ਸਮਾਂ ਲੈਣ ਵਾਲੀਆਂ ਕਿਸਮਾਂ ਦੀ ਪਨੀਰੀ ਦੀ ਉਮਰ ਜ਼ਿਆਦਾ ਵੱਡੀ ਨਾ ਕੀਤੀ ਜਾਵੇ । ਪੀ ਆਰ-126 ਤੋਂ ਚੰਗਾ ਝਾੜ ਲੈਣ ਲਈ ਇਸ ਦੀ ਬਿਜਾਈ 5 ਤੋਂ 10 ਜੂਨ ਦਰਮਿਆਨ ਅਤੇ ਲੁਆਈ 5 ਜੁਲਾਈ ਨੂੰ ਕਰੋ । ਪਰ ਤਿੰਨ ਫਸਲਾਂ ਵਾਲੇ ਫਸਲੀ ਚੱਕਰਾਂ ਵਿੱਚ ਹੀ ਇਸ ਦੀ ਬਿਜਾਈ 25 ਮਈ ਤੋਂ ਸ਼ੁਰੂ ਕੀਤੀ ਜਾ ਸਕਦੀ ਹੈ । ਮਾੜੇ ਪਾਣੀ ਵਾਲੇ ਇਲਾਕਿਆਂ ਵਿੱਚ ਪੀ ਆਰ-127 ਕਿਸਮ ਦੀ ਕਾਸ਼ਤ ਨਾ ਕੀਤੀ ਜਾਵੇ । ਬਾਸਮਤੀ ਦਾ ਰਕਬਾ ਪਿਛਲੇ ਸਾਲਾਂ ਵਿੱਚ 20 ਫੀਸਦੀ ਦੇ ਆਸ ਪਾਸ ਰਿਹਾ ਹੈ ਜੋ ਕਿ ਇਸ ਦੇ ਮੰਡੀਕਰਨ ਅਤੇ ਚੰਗੇ ਭਾਅ ਲਈ ਉਚਿੱਤ ਸੀ ।

ਪਨੀਰੀ ਬੀਜਣ ਦਾ ਢੰਗ : ਕੱਦੂ ਕਰਕੇ ਚੰਗੀ ਤਰ੍ਹਾਂ ਤਿਆਰ ਖੇਤ ਵਿੱਚ 8 ਕਿਲੋ ਬੀਜ ਦਾ ਸਾਢੇ ਛੇ ਮਰਲੇ ਵਿਚ ਛੱਟਾ ਦਿਉ । ਬਿਜਾਈ ਤੋਂ ਪਹਿਲਾਂ ਪ੍ਰਤੀ ਕਿਲੋ ਬੀਜ ਨੂੰ 3 ਗ੍ਰਾਮ ਸਪਰਿੰਟ 75 ਡਬਲਯੂ ਐਸ ਨਾਲ ਸੋਧ ਲਵੋ ।

ਉਪਰੋਕਤ ਦੱਸੇ ਮੁਤਾਬਿਕ ਝੋਨੇ ਦੀਆਂ ਵੱਖ-ਵੱਖ ਕਿਸਮਾਂ ਦੀ ਲੁਆਈ 20 ਜੂਨ ਤੋਂ ਜੁਲਾਈ ਦੇ ਦੂਜੇ ਪੰਦਰਵਾੜੇ ਤੱਕ ਕੀਤੀ ਜਾ ਸਕਦੀ ਹੈ । ਇਸ ਤੋਂ ਇਲਾਵਾ ਜੂਨ ਦੇ ਪਹਿਲੇ ਪੰਦਰਵਾੜੇ ਤੋਂ ਸ਼ੁਰੂ ਕਰ ਕੇ ਮਸ਼ੀਨਾਂ ਦੀ ਉਪਲੱਬਧਤਾ ਮੁਤਾਬਕ ਝੋਨੇ ਦੀ ਸਿੱਧੀ ਬਿਜਾਈ ਵੀ ਕੀਤੀ ਜਾ ਸਕਦੀ ਹੈ । ਇਸ ਵਿੱਧੀ ਰਾਹੀਂ ਲੇਬਰ ਅਤੇ ਧਰਤੀ ਹੇਠਲੇ ਪਾਣੀ ਦੀ ਬੱਚਤ ਹੁੰਦੀ ਹੈ । ਸਿੱਧੀ ਬਿਜਾਈ ਵਾਲੇ ਖੇਤ ਨੂੰ ਲੇਜ਼ਰ ਕਰਾਹੇ ਨਾਲ ਪੱਧਰਾ ਕਰਨ ਤੋਂ ਬਾਅਦ ਭਰਵੀਂ ਰੌਣੀ ਕਰੋ ਅਤੇ ਡਰਿੱਲ ਨਾਲ ਸਿੱਧੀ ਬਿਜਾਈ ਕਰੋ । ''ਲੱਕੀ ਸੀਡ ਡਰਿੱਲ'' ਨੂੰ ਤਰਜੀਹ ਦਿਉ ਕਿਉਂਕਿ ਇਹ ਬਿਜਾਈ ਦੇ ਨਾਲ ਨਾਲ ਨਦੀਨ ਨਾਸ਼ਕ ਦਾ ਸਪਰੇ ਵੀ ਕਰਦੀ ਹੈ । ਇਸਦੇ ਬਦਲ ਵਿੱਚ ਝੋਨੇ ਦੀ ਬਿਜਾਈ ਵਾਲੀ ਤਿਰਛੀਆਂ ਪਲੇਟਾਂ ਵਾਲੀ ਡਰਿੱਲ ਦੀ ਵਰਤੋਂ ਨਾਲ ਬਿਜਾਈ ਕਰਕੇ ਤੁਰੰਤ ਨਦੀਨਨਾਸ਼ਕ (1.0 ਲਿਟਰ ਪ੍ਰਤੀ ਏਕੜ ਸਟੌਂਪ/ਬੰਕਰ 30 ਈ ਸੀ (ਪੈਂਡਾਮੈਥਾਲਿਨ) ਨੂੰ 200 ਲਿਟਰ ਪਾਣੀ ਵਿੱਚ ਘੋਲ ਕੇ) ਇਸ ਤਰੀਕੇ ਨਾਲ ਤਰ-ਵੱਤਰ ਵਿੱਚ ਬੀਜੇ ਝੋਨੇ ਨੂੰ ਬਿਜਾਈ ਉਪਰੰਤ ਪਹਿਲਾ ਪਾਣੀ 21 ਦਿਨਾਂ ਬਾਦ ਦਿਉ ।

ਬਿਨਾਂ ਕੱਦੂ ਕੀਤੇ ਝੋਨੇ ਦੀ ਵੱਟਾਂ ਉਪਰ ਲੁਆਈ : ਭਾਰੀਆਂ ਜ਼ਮੀਨਾਂ ਵਿੱਚ ਬਿਨਾਂ ਕੱਦੂ ਕੀਤੇ ਝੋਨੇ ਦੀ ਵੱਟਾਂ ਉਪਰ ਲੁਆਈ ਕਰਨ ਨਾਲ ਧਰਤੀ ਹੇਠਲੇ ਪਾਣੀ ਦੀ ਬੱਚਤ ਕੀਤੀ ਜਾ ਸਕਦੀ ਹੈ । ਇਸ ਵਿਧੀ ਵਿੱਚ 2 ਫੁੱਟ ਤੋਂ 2.25 ਫੁੱਟ ਦੇ ਫਾਸਲੇ ਤੇ ਵੱਟਾਂ ਉਪਰ ਪੌਦੇ ਤੋਂ ਪੌਦੇ ਦਾ ਫਾਸਲਾ ਕ੍ਰਮਵਾਰ 10 ਅਤੇ 9 ਸੈਂਟੀਮੀਟਰ ਰੱਖਦੇ ਹੋਏ ਲੁਆਈ ਕਰੋ ਤਾਂ ਜੋ ਬੂਟਿਆਂ ਦੀ ਗਿਣਤੀ 33 ਬੂਟੇ ਪ੍ਰਤੀ ਵਰਗਮੀਟਰ ਰਹੇ । ਝੋਨੇ ਦੀ ਪਨੀਰੀ ਦੀ ਲੁਆਈ ਵੱਟਾਂ ਦੀਆਂ ਢਲਾਨਾਂ ਦੇ ਅੱਧ ਵਿਚਕਾਰ ਦੋਨੋਂ ਪਾਸੇ ਕੀਤੀ ਜਾ ਸਕਦੀ ਹੈ । ਇਸ ਵਿੱਧੀ ਵਿੱਚ ਪੀ ਆਰ-121, ਪੀਆਰ-126, ਪੀ ਆਰ-114, ਪੂਸਾ ਬਾਸਮਤੀ-1509 ਅਤੇ ਪੂਸਾ ਬਾਸਮਤੀ-1121 ਨੂੰ ਤਰਜੀਹ ਦਿਉ । ਘੱਟ ਉਮਰ ਦੀ ਪਨੀਰੀ ਵਰਤਣ ਨਾਲ ਚੰਗਾ ਝਾੜ ਮਿਲਦਾ ਹੈ । ਇਸ ਲਈ ਪੀ ਆਰ-121 ਅਤੇ ਪੀ ਆਰ-114 ਲਈ 30 ਦਿਨ ਦੀ । ਜਦੋਂ ਕਿ ਪੀ ਆਰ-126, ਪੂਸਾ ਬਾਸਮਤੀ-1509 ਅਤੇ

ਬਾਕੀ ਸਫਾ 10 'ਤੇ

ਝੋਨੇ ਦੀ ਸਿੱਧੀ ਬਿਜਾਈ ਕਿਸਾਨਾਂ ਲਈ ਹੈ ਲਾਹੇਵੰਦ?

ਸਿਮਰਜੀਤ ਕੌਰ ਅਤੇ ਵਿਵੇਕ ਕੁਮਾਰ,
ਡਾਇਰੈਕਟਰ ਆਫ ਐਕਸਟੈਨਸ਼ਨ ਐਜੂਕੇਸ਼ਨ, ਪੀ ਏ ਯੂ, ਲੁਧਿਆਣਾ

ਝੋਨੇ ਦੀ ਫਸਲ ਪੰਜਾਬ ਵਿੱਚ ਸਾਉਣੀ ਦੀ ਪ੍ਰਮੁੱਖ ਫਸਲ ਹੈ । ਸਾਲ 2018-19 ਵਿੱਚ ਪੰਜਾਬ ਵਿੱਚ ਲਗਭਗ 31 ਲੱਖ ਹੈਕਟੇਅਰ ਰਕਬੇ ਵਿੱਚ ਝੋਨੇ ਦੀ ਕਾਸ਼ਤ ਕੀਤੀ ਗਈ ਸੀ । ਇਸ ਵਿਚ ਕੋਈ ਸ਼ੱਕ ਨਹੀਂ ਕਿ ਇਸ ਫਸਲ ਨੇ ਪੰਜਾਬ ਨੂੰ ਹੀ ਨਹੀਂ, ਸਗੋਂ ਪੂਰੇ ਭਾਰਤ ਨੂੰ ਅਨਾਜ ਵਿੱਚ ਆਤਮ ਨਿਰਭਰ ਬਣਾਉਣ ਵਿੱਚ ਮੱਦਦ ਕੀਤੀ ਹੈ ਪਰ ਹੁਣ ਇਸ ਫਸਲ ਦੇ ਕੁਝ ਨਾਕਾਰਾਤਮਕ ਪੱਖ ਵੀ ਸਾਹਮਣੇ ਆ ਰਹੇ ਹਨ । ਝੋਨੇ ਦੀ ਕਾਸ਼ਤ ਕਰਕੇ ਧਰਤੀ ਹੇਠਲੇ ਪਾਣੀ ਦੇ ਪੱਧਰ ਦੇ ਡੂੰਘੇ ਹੋਣ ਦੇ ਨਾਲ-ਨਾਲ ਪਰਾਲੀ ਸਾੜਣ ਦੇ ਵਰਤਾਰੇ ਨੇ ਵਾਤਾਵਰਣ ਦੇ ਪ੍ਰਦੂਸ਼ਣ ਵਰਗੀਆਂ ਆਫਤਾਂ ਨੂੰ ਵੀ ਜਨਮ ਦਿੱਤਾ ਹੈ । ਇਸ ਤੋਂ ਇਲਾਵਾ, ਝੋਨੇ ਦੀ ਰਵਾਇਤੀ ਤਰੀਕੇ ਨਾਲ ਲੁਆਈ ਲਈ ਲੇਬਰ ਦੀ ਬਹੁਤ ਜ਼ਿਆਦਾ ਜ਼ਰੂਰਤ ਹੁੰਦੀ ਹੈ ਅਤੇ ਇਨ੍ਹਾਂ ਦੋ-ਢਾਈ ਮਹੀਨਿਆਂ ਦੌਰਾਨ ਲਗਭੱਗ 10-12 ਲੱਖ ਪ੍ਰਵਾਸੀ ਮਜ਼ਦੂਰ ਪੰਜਾਬ ਦੇ ਖੇਤਾਂ ਵਿੱਚ ਕੰਮ ਕਰਦੇ ਹਨ । ਪਰ ਅੱਜ ਦੇ ਸਮੇਂ ਕੋਰੋਨਾ ਮਹਾਮਾਰੀ ਕਰਕੇ ਕਿਸਾਨਾਂ ਨੂੰ ਝੋਨੇ ਦੀ ਲੁਆਈ ਲਈ ਖੇਤੀ ਕਾਮਿਆਂ ਦੀ ਘਾਟ ਦੀ ਸਮੱਸਿਆ ਨਾਲ ਜੂਝਣਾ ਪੈ ਰਿਹਾ ਹੈ । ਇਸ ਮੁਸ਼ਕਲ ਸਮੇਂ ਵਿੱਚ ਝੋਨੇ ਦੀ ਸਿੱਧੀ ਬਿਜਾਈ ਕਰਨੀ ਕਿਸਾਨਾਂ ਲਈ ਬਹੁਤ ਲਾਹੇਵੰਦ ਸਾਬਤ ਹੋਵੇਗੀ ਪਰ ਇਹ ਤਕਨੀਕ ਬਹੁਤੇ ਕਿਸਾਨਾਂ ਲਈ ਨਵੀਂ ਹੈ, ਇਸ ਲਈ ਹਰ ਕਿਸਾਨ ਨੂੰ ਆਪਣੇ ਝੋਨੇ ਹੇਠ ਕੁੱਲ ਰਕਬੇ ਵਿੱਚੋਂ ਸਿਰਫ 20 ਫੀਸਦੀ ਰਕਬੇ ਤੇ ਹੀ ਸਿੱਧੀ ਬਿਜਾਈ ਕਰਨ ਦੀ ਸਿਫਾਰਿਸ਼ ਕੀਤੀ ਗਈ ਹੈ । ਪੰਜਾਬ ਸਰਕਾਰ ਵਲੋਂ ਵੀ 5 ਲੱਖ ਹੈਕਟੇਅਰ ਰਕਬੇ ਤੇ ਝੋਨੇ ਦੀ ਸਿੱਧੀ ਬਿਜਾਈ ਕਰਵਾਉਣ ਦਾ ਟੀਚਾ ਮਿੱਥਿਆ ਗਿਆ ਹੈ । ਇਸ ਸਾਲ ਮਸ਼ੀਨਾਂ ਨਾਲ ਝੋਨੇ ਦੀ ਲੁਆਈ ਦੇ ਰੁਝਾਣ ਵਧਣ ਦੇ ਵੀ ਆਸਾਰ ਹਨ । ਇਸ ਤੋਂ ਇਲਾਵਾ ਅੱਜ ਦੇ ਸਮੇਂ ਵਿੱਚ ਇਹ ਬਹੁਤ ਜ਼ਰੂਰੀ ਹੋ ਗਿਆ ਹੈ ਕਿ ਝੋਨੇ ਹੇਠੋਂ ਕੁਝ ਰਕਬਾ ਘਟਾਇਆ ਜਾਵੇ ਅਤੇ ਹੋਰ ਫਸਲਾਂ ਅਧੀਨ ਰਕਬਾ ਵਧਾਇਆ ਜਾਵੇ ।

ਹਰਿਆਣਾ ਨੇ ਝੋਨੇ ਦੀ ਕਾਸ਼ਤ ਦੇ ਨਾਂਹ-ਪੱਖੀ ਨਤੀਜੇ ਦੇਖਦੇ ਹੋਏ ਪਾਣੀ ਦੇ ਪੱਧਰ ਪੱਖੋਂ ਖਤਰਨਾਕ ਐਲਾਨੇ ਜਾ ਚੁੱਕੇ ਅੱਠ ਬਲਾਕਾਂ ਵਿੱਚ ਝੋਨੇ ਦੀ ਕਾਸ਼ਤ ਦੇ ਪਾਬੰਦੀ ਲਗਾ ਦਿੱਤੀ ਹੈ । ਪੰਜਾਬ ਸਰਕਾਰ ਨੇ ਵੀ 2.5 ਲੱਖ ਹੈਕਟੇਅਰ ਰਕਬੇ ਤੇ ਸਾਉਣੀ ਦੀਆਂ ਹੋਰ ਫਸਲਾਂ ਦੀ ਕਾਸ਼ਤ ਕਰਨ ਦਾ ਟੀਚਾ ਮਿਥਿਆ ਹੈ । ਝੋਨੇ ਦੇ ਬਦਲ ਵਜੋਂ ਮੱਕੀ, ਸੋਇਆਬੀਨ, ਮੂੰਗਫਲੀ, ਹਲਦੀ ਅਤੇ ਸਬਜ਼ੀਆਂ ਦੀ ਕਾਸ਼ਤ ਦੀਆਂ ਕਾਫੀ ਸੰਭਾਵਨਾਵਾਂ ਹਨ । ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਵੱਲੋਂ ਸਿਫਾਰਸ਼ ਕੀਤੇ ਉੱਨਤ ਢੰਗਾਂ ਨੂੰ ਅਪਣਾ ਕੇ ਫਸਲੀ ਵਿਭਿੰਨਤਾ ਲਿਆਂਦੀ ਜਾ ਸਕਦੀ ਹੈ।

ਮੱਕੀ : ਮੱਕੀ ਤੇ ਆਧਾਰਿਤ ਫਸਲੀ ਚੱਕਰ ਵਿੱਚ ਮੱਕੀ ਦੀ ਬਿਜਾਈ ਮਈ ਦੇ ਅੰਤ ਤੋਂ ਲੈ ਕੇ ਜੂਨ ਦੇ ਅੱਧ ਤੱਕ ਕਰ ਦਿਉ । ਮੱਕੀ ਦੀ ਵਾਢੀ ਤੋਂ ਬਾਅਦ ਸਤੰਬਰ ਦੇ ਅੰਤ ਵਿੱਚ ਆਲੂ ਦੀ ਬਿਜਾਈ ਕਰੋ । ਆਲੂਆਂ ਦੀ ਕੱਚੀ ਪੁਟਾਈ ਤੋਂ ਬਾਅਦ ਗਰਮੀ ਰੁੱਤ ਦੀ ਮੂੰਗੀ ਨੂੰ ਮਾਰਚ ਦੇ ਦੂਜੇ ਹਫਤੇ ਤੋਂ ਤੀਜੇ ਹਫਤੇ ਤੱਕ ਬੀਜਣਾ ਚਾਹੀਦਾ ਹੈ । ਕਣਕ ਦੀ ਫਸਲ ਦੀ ਕਟਾਈ ਤੋਂ ਬਾਅਦ (ਮੱਧ ਅਪ੍ਰੈਲ ਤੋਂ ਬਾਅਦ) ਬੀਜੀ ਹੋਈ ਗਰਮ ਰੁੱਤ ਦੀ ਮੂੰਗੀ ਦਾ ਪੱਕਣ ਸਮੇਂ ਅਗੇਤੀ ਬਰਸਾਤ ਦੇ ਅਸਰ ਹੇਠ ਆਉਣ ਦਾ ਡਰ ਰਹਿੰਦਾ ਹੈ । ਇਸ ਤੋਂ ਇਲਾਵਾ, ਆਲੂਆਂ ਤੋਂ ਬਾਅਦ ਬੀਜੀ ਹੋਈ ਗਰਮੀ ਰੁੱਤ ਦੀ ਮੂੰਗੀ ਨੂੰ ਕੋਈ ਵੀ ਖਾਦ ਪਉਣ ਦੀ ਲੋੜ ਨਹੀਂ ਹੁੰਦੀ ।

ਮੱਕੀ ਤੋਂ ਬਾਅਦ ਆਲੂਆਂ ਦੇ ਬਦਲ ਵਜੋਂ ਤੋਰੀਏ ਜਾਂ ਅਗੇਤੇ ਮਟਰ ਦੀ ਬਿਜਾਈ ਸੰਤਬਰ ਦੇ ਦੂਜੇ ਪੰਦਰਵਾੜੇ ਵੀ ਕੀਤੀ ਜਾ ਸਕਦੀ ਹੈ । ਤੋਰੀਏ ਜਾਂ ਮਟਰਾਂ ਤੋਂ ਬਾਅਦ ਜਨਵਰੀ-ਫਰਵਰੀ ਦੇ ਮਹੀਨਿਆਂ ਦੌਰਾਨ ਖੇਤ ਖਾਲੀ ਹੋ ਜਾਂਦਾ ਹੈ । ਜਿਸ ਦੌਰਾਨ ਕਿਸਾਨ ਸੂਰਜਮੁਖੀ, ਪਿਆਜ਼, ਮੈਂਥਾ ਜਾਂ ਬਹਾਰ ਰੁੱਤ ਦੀ ਮੱਕੀ ਦੀ ਬਿਜਾਈ ਕਰ ਸਕਦੇ ਹਨ ।

ਝੋਨੇ ਦੇ ਫਸਲੀ ਚੱਕਰ ਤੋਂ ਬਾਹਰ ਨਿਕਲਣਾ ਹੀ ਹੋਵੇਗਾ

ਸੂਰਜਮੁਖੀ ਜਾਂ ਪਿਆਜ਼ ਦੀ ਬਿਜਾਈ ਜਨਵਰੀ ਦੇ ਪਹਿਲੇ ਪੰਦਰਵਾੜੇ ਵਿੱਚ ਕਰਨੀ ਚਾਹੀਦੀ ਹੈ । ਬਹਾਰ ਰੁੱਤ ਦੀ ਮੱਕੀ ਦੀ ਬਿਜਾਈ ਫਰਵਰੀ ਦੇ ਪਹਿਲੇ ਪੰਦਰਵਾੜੇ ਕੀਤੀ ਜਾਂਦੀ ਹੈ ਅਤੇ ਪਾਣੀ ਦੀ ਬੱਚਤ ਲਈ ਬਹਾਰ ਰੁੱਤ ਦੀ ਮੱਕੀ ਨੂੰ ਤੁਪਕਾ ਸਿੰਚਾਈ ਰਾਹੀਂ ਪਾਣੀ ਲਾਉਣਾ ਲਾਹੇਵੰਦ ਹੁੰਦਾ ਹੈ ।

ਮੂੰਗਫਲੀ : ਭੱਲ ਵਾਲੀਆਂ ਜ਼ਮੀਨਾਂ ਅਤੇ ਬਾਰਾਨੀ ਇਲਾਕਿਆਂ ਵਿੱਚ ਮੂੰਗਫਲੀ ਦੀ ਬਿਜਾਈ ਅਪ੍ਰੈਲ ਦੇ ਅਖੀਰ ਜਾਂ ਮਈ ਦੇ ਸ਼ੁਰੂ ਵਿੱਚ ਕਰ ਦਿਉ । ਇਹ ਫਸਲ 4 ਮਹੀਨਿਆਂ ਵਿੱਚ ਖੇਤ ਵਿਹਲਾ ਕਰ ਦਿੰਦੀ ਹੈ । ਇਸ ਤੋਂ ਬਾਅਦ ਸਤੰਬਰ ਦੇ ਦੂਸਰੇ ਪੰਦਰਵਾੜੇ ਵਿੱਚ ਆਲੂ ਜਾਂ ਅਗੇਤੇ ਮਟਰ ਜਾਂ ਤੋਰੀਏ ਦੀ ਫਸਲ ਨੂੰ ਬੀਜ ਦੇਣਾ ਚਾਹੀਦਾ ਹੈ । ਇਹ ਫਸਲਾਂ ਦਸੰਬਰ ਅੰਤ ਤੱਕ ਖੇਤ ਖਾਲੀ ਕਰ ਦਿੰਦੀਆਂ ਹਨ, ਜਿਸ ਦੌਰਾਨ ਕਣਕ ਦੀ ਪਿਛੇਤੀ ਕਿਸਮ ਜਾਂ ਸੂਰਜਮੁਖੀ ਬੀਜੀ ਜਾ ਸਕਦੀ ਹੈ ।

ਸੋਇਆਬੀਨ : ਦਾਲਾਂ ਤੇ ਆਧਾਰਿਤ ਫਸਲੀ ਚੱਕਰ ਵਿੱਚ ਸੋਇਆਬੀਨ ਦੀ ਬਿਜਾਈ ਜੂਨ ਦੇ ਪਹਿਲੇ ਪੰਦਰਵਾੜੇ ਵਿੱਚ ਕਰੋ । ਇਸ ਤੋਂ ਬਾਅਦ ਨਵੰਬਰ ਵਿੱਚ ਕਣਕ ਜਾਂ ਮਟਰਾਂ ਦੀ ਬਿਜਾਈ ਕੀਤੀ ਜਾ ਸਕਦੀ ਹੈ । ਮਟਰਾਂ ਤੋਂ ਬਾਅਦ ਗਰਮ ਰੁੱਤ ਦੀ ਮੂੰਗੀ ਦੀ ਬਿਜਾਈ ਮਾਰਚ ਦੇ ਦੂਸਰੇ ਪੰਦਰਵਾੜੇ ਵਿੱਚ ਕਰਨੀ ਚਾਹੀਦੀ ਹੈ ।

ਹਲਦੀ : ਹਲਦੀ ਨੂੰ ਅਪ੍ਰੈਲ ਦੇ ਅੰਤ ਵਿਚ ਬੀਜੋ ਅਤੇ ਇਹ ਫਸਲ ਨਵੰਬਰ ਦੇ ਅਖੀਰ ਵਿੱਚ ਖੇਤ ਖਾਲੀ ਕਰ ਦਿੰਦੀ ਹੈ । ਇਸ ਤੋਂ ਬਾਅਦ ਕਣਕ ਦੀ ਬਿਜਾਈ ਕਰੋ ਜਾਂ ਜਨਵਰੀ ਦੇ ਪਹਿਲੇ ਹਫਤੇ ਤੋਂ ਲੈ ਕੇ ਅੱਧ ਜਨਵਰੀ ਦੌਰਾਨ ਹਾੜ੍ਹੀ ਰੁੱਤ ਦੇ ਪਿਆਜ਼ਾਂ ਦੀ ਪਨੀਰੀ ਨੂੰ ਲਾ ਦੇਣਾ ਚਾਹੀਦਾ ਹੈ । ❑

ਖੇਤੀ ਦੁਨੀਆਂ

ਪੰਜਾਬੀ ਖੇਤੀਬਾੜੀ ਸਪਤਾਹਿਕ

KHETI DUNIYAN

An Exclusive Agricultural Weekly

ਰਜਿਸਟਰਡ ਆਫਿਸ :
32, ਰਾਜਾ ਐਵਨਿਊ,
ਨੇੜੇ 21 ਨੰ. ਫਾਟਕ, ਪਟਿਆਲਾ

ਮਾਰਕੀਟਿੰਗ ਆਫਿਸ :
ਕੇ.ਡੀ. ਕੰਪਲੈਕਸ, ਗਊਸ਼ਾਲਾ ਰੋਡ,
ਨੇੜੇ ਸ਼ੇਰ-ਏ-ਪੰਜਾਬ ਮਾਰਕੀਟ,
ਪਟਿਆਲਾ-147001
ਫੋਨ : 0175-5000386, 2214575
ਈ-ਮੇਲ : kdpublications@yahoo.co.in

www.khetiduniyan.com

ਸਾਲ 38 ਅੰਕ 25
ਮਿਤੀ 20-06-2020

ਅਡੀਟਰ
ਐਚ.ਐਸ. ਨੰਦਾ

ਆਫਿਸ ਹੈਡ
ਜਗਪ੍ਰੀਤ ਸਿੰਘ

ਮਾਰਕੀਟਿੰਗ ਦਫਤਰ
ਪਟਿਆਲਾ
ਫੋਨ : 0175-2214575
ਮੁੰਬਈ
ਦਿੱਲੀ
ਲੁਧਿਆਣਾ
ਬਠਿੰਡਾ

ਸੰਪਾਦਕੀ ਬੋਰਡ
ਡਾ. ਡੀ.ਡੀ. ਨਾਰੰਗ
ਡਾ. ਡੀ.ਐਸ. ਲੱਧੜ
ਡਾ. ਜੇ.ਐਸ. ਡਾਲ
ਡਾ. ਲਖਬੀਰ ਕੌਰ ਧਾਲੀਵਾਲ
ਡਾ. ਆਰ.ਐਮ. ਫੁਲਝੇਲੇ

ਕੰਪੋਜ਼ਿੰਗ
ਏਕਤਾ ਕੰਪਿਊਟਰਜ਼, ਪਟਿਆਲਾ

ਨੋਟ

★ ਖੇਤੀ ਦੁਨੀਆਂ ਵਿੱਚ ਛਪਣ ਵਾਲੇ ਲੇਖਾਂ, ਇਸ਼ਤਿਹਾਰਾਂ, ਕਿਸਾਨਾਂ ਦੇ ਵਿਚਾਰਾਂ ਨਾਲ ਸੰਪਾਦਕ ਦੀ ਸਹਿਮਤੀ ਜ਼ਰੂਰੀ ਨਹੀਂ ਹੈ। ਅਦਾਰਾ ਖੇਤੀ ਦੁਨੀਆਂ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੈ।

★ ਸਿਫਾਰਿਸ਼ ਕੀਤੀਆਂ ਦਵਾਈਆਂ ਦੀ ਮਾਤਰਾ ਭਾਵੇਂ ਮਾਹਿਰਾਂ ਵੱਲੋਂ ਸਿਫਾਰਿਸ਼ ਕੀਤੀ ਹੁੰਦੀ ਹੈ, ਪਰੰਤੂ ਫਿਰ ਵੀ ਆਪਣੇ ਨਜ਼ਦੀਕੀ ਮਾਹਿਰ ਦੀ ਰਾਏ ਜ਼ਰੂਰ ਲਓ।

★ ਕਿਸੇ ਵੀ ਪ੍ਰਕਾਰ ਦਾ ਕਾਨੂੰਨੀ ਨਿਪਟਾਰਾ ਪਟਿਆਲਾ ਦੀ ਅਦਾਲਤ ਵਿੱਚ ਹੀ ਹੋਵੇਗਾ।

Editor, Printer & Publisher H.S. NANDA
Printed at Vargenia Printers, Sher-e-Punjab Market, Gaushala Road, Patiala &
Published at Patiala for Prop. H.S. NANDA

ਫਸਲੀ ਚੱਕਰ ਚੁਣੌਤੀਆਂ ਅਤੇ ਪਹਿਲਕਦਮੀਆਂ

ਖੇਤੀ, ਪੰਜਾਬ ਦਾ ਰੁਜ਼ਗਾਰ ਅਤੇ ਰੋਜ਼ੀ ਰੋਟੀ ਹੈ। ਭਾਰਤ ਦੇ ਖੇਤਰਫਲ ਦਾ ਪੰਜਾਬ ਕੋਲ 1.5 ਰਕਬਾ ਹੈ। ਖੇਤੀਯੋਗ ਰਕਬਾ ਇਸ ਤੋਂ ਵੀ ਘੱਟ ਹੋਵੇਗਾ। ਫਿਰ ਵੀ ਪੰਜਾਬ ਨੇ ਫਸਲਾਂ ਨਾਲ ਆਨਾਜ ਦੇ ਭੰਡਾਰ ਭਰ ਕੇ ਰੱਖੇ ਹਨ। ਪੰਜਾਬ ਦੇ ਸੱਭਿਆਚਾਰ ਅਤੇ ਸੰਸਕ੍ਰਿਤੀ ਵਿੱਚੋਂ ਵੀ ਖੇਤੀ ਦੀ ਖੁਸ਼ਬੂ ਆਉਂਦੀ ਹੈ। ਖੇਤੀ ਖੇਤਰ ਨੂੰ ਸਮੇਂ-ਸਮੇਂ ਤੇ ਮਾਰਾਂ ਵੀ ਪੈਂਦੀਆਂ ਰਹੀਆਂ ਹਨ। ਇਸ ਪ੍ਰਤੀ ਸਰਕਾਰਾਂ ਵੀ ਬਣਦਾ ਸਹਿਯੋਗ ਦਿੰਦੀਆਂ ਰਹੀਆਂ। ਲੋੜ ਕਾਢ ਦੀ ਮਾਂ ਦੇ ਫਲਸਫੇ ਅਨੁਸਾਰ ਵੀ ਚੁਣੌਤੀਆਂ ਅਤੇ ਪਹਿਲਕਦਮੀਆਂ ਹੁੰਦੀਆਂ ਰਹੀਆਂ ਪਰ ਸਖਤ ਨਿਯਮਾਂਵਲੀ ਅਤੇ ਸਹਿਯੋਗ ਤੋਂ ਬਿਨਾਂ ਘੱਟ ਲਾਹੇਵੰਦ ਰਹੀਆਂ ਹਨ।

ਵਾਹੀਯੋਗ ਜ਼ਮੀਨਾਂ ਅਤੇ ਗੈਰ-ਵਾਹੀਯੋਗ ਜ਼ਮੀਨਾਂ ਨੂੰ ਹੁਲਾਰਾ ਦੇਣ ਲਈ ਸਰਕਾਰ ਨੇ ਸਮੇਂ-ਸਮੇਂ ਤੇ ਉੱਦਮ ਕੀਤੇ। ਖੇਤੀ ਖੇਤਰ ਦੇ ਹਾਂ-ਪੱਖੀ ਸੁਧਾਰਾਂ ਨੇ ਕਿਸਾਨ ਦੀ ਕਾਫੀ ਦਸ਼ਾ ਸੁਧਾਰੀ। ਇਸ ਸੁਧਰੀ ਦਸ਼ਾ ਨੇ ਸਿੱਕੇ ਦੇ ਦੂਜੇ ਪਾਸੇ ਨੂੰ ਮਸਲ ਕੇ ਰੱਖ ਦਿੱਤਾ, ਜਿਸ ਕਰਕੇ 2018-19 ਵਿੱਚ ਖੇਤੀਯੋਗ ਜ਼ਮੀਨ ਨੇ 29.19 ਲੱਖ ਟਨ ਯੂਰੀਆ ਨਿਗਲ ਲਿਆ ਅਤੇ 5543 ਲੱਖ ਟਨ ਕੀਟਨਾਸ਼ਕ ਨਿਗਲ ਲਏ। ਸਰਕਾਰ ਵਲੋਂ ਵਣ ਖੇਤੀ ਨੂੰ ਉਤਸ਼ਾਹਿਤ ਕਰਨ ਲਈ ਉਪਰਾਲੇ ਕੀਤੇ ਗਏ। ਇਸੇ ਲੜੀ ਤਹਿਤ ਪਾਪੂਲਰ ਹੇਠ ਰਕਬਾ ਵਧਾਉਣ ਦੀਆਂ ਸਿਫਾਰਸ਼ਾਂ ਹੋਈਆਂ। ਕੁੱਝ ਸਮੇਂ ਪਹਿਲਾਂ ਪਾਪੂਲਰ ਦੀ ਕੀਮਤ ਵਿੱਚ ਵੀ ਕਾਫੀ ਗਿਰਾਵਟ ਆਈ ਸੀ। ਦੂਜੀ ਵਣ ਖੇਤੀ : ਦਾਦਾ ਲਾਵੇ ਪੋਤਾ ਵੱਢਦਾ ਹੈ। ਇਸ ਲਈ ਮੌਜੂਦਾ ਸਮਾਂ ਤੰਗੀਆਂ ਤੁਰਸ਼ੀਆਂ ਵਿੱਚ ਗੁਜ਼ਰ ਜਾਂਦਾ ਹੈ। ਸਰਕਾਰ ਦੀ ਵਣ ਖੇਤੀ ਲਈ ਪਹਿਲਕਦਮੀ ਚੋਖਾ ਸਮਾਂ ਲੈਂਦੀ ਹੈ। ਕਿਸਾਨ ਇਸ ਕਰਕੇ ਵੀ ਇਸ ਤੋਂ ਪਾਸਾ ਵੱਟਦਾ ਹੈ।

ਪੰਜਾਬ ਦੀ ਖੇਤੀ ਸੁਧਾਰਾਂ ਅਤੇ ਫਸਲੀ ਚੱਕਰ ਦੇ ਚੱਕਰਾਂ ਵਿੱਚ ਫਸੀ ਰਹਿੰਦੀ ਹੈ। ਦੋ ਫਸਲੀ ਚੱਕਰ ਚੋਂ ਨਿਕਲਣ ਲਈ ਬਹੁਤ ਉਪਰਾਲੇ ਹੋਏ, ਪਰ ਨਤੀਜਾ ਘੱਟ ਨਿਕਲਿਆ। ਫਸਲੀ ਵਿਭਿੰਨਤਾ ਲੀਹ ਤੇ ਚੜ੍ਹ ਕੇ ਉਤਰ ਜਾਂਦੀ ਹੈ। ਕਿਸਾਨ ਨੂੰ ਹਾਲਾਤ ਪਿੱਛੇ ਮੋੜਦੇ ਰਹੇ। ਬਹੁਤੀ ਵਾਰ ਬਾਸਮਤੀ, ਆਲੂ ਅਤੇ ਹੋਰ ਉਪਜਾਂ ਦੀ ਹਾਲਤ ਦੇਖੀ। ਸਹੀ ਮੰਡੀਕਰਣ ਨਾ ਮਿਲਣ ਕਰਕੇ ਗੋਤੇ ਖਾ ਜਾਂਦੀ ਹੈ। ਦੋ ਫਸਲੀ ਚੱਕਰ ਚੋਂ ਨਿਕਲਣ ਦਾ ਉਤਰਆ-ਚੜਆ ਅੰਕੜਿਆਂ ਅਨੁਸਾਰ ਘੋਖਿਆ ਜਾਵੇ ਤਾਂ ਇਸ ਚੱਕਰ ਨੇ ਬਹੁਤ ਤੇਜ਼ੀ ਨਹੀਂ ਫੜੀ। ਕਪਾਹ ਦਾ ਅੰਕੜਾ ਦੇਖਿਆ ਜਾਵੇ ਤਾਂ ਇਸ ਹੇਠ ਰਕਬਾ 1 ਲੱਖ 20 ਹਜ਼ਾਰ ਹੈਕਟੇਅਰ ਵਧਿਆ ਹੈ। ਇਸਦਾ ਸਮਰਥਨ ਮੁੱਲ 5450/- ਰੁਪਏ ਪ੍ਰਤੀ ਕੁਇੰਟਲ ਮਿਥਿਆ ਸੀ ਪਰ ਮਾਰਕੀਟਿੰਗ ਏਜੰਸੀ ਨੇ ਇਹ ਵੀ ਦਾਅ ਉੱਤੇ ਲਾ ਦਿੱਤੀ। ਇਸ ਨਾਲ ਘੱਟ ਰੇਟ ਤੇ ਕਿਸਾਨ ਨੂੰ ਕਪਾਹ ਵੇਚਣੀ ਪਈ। ਫਲ ਅਤੇ ਸਬਜ਼ੀਆਂ ਵੀ ਮਾਰਕੀਟਿੰਗ ਸਬੰਧੀ ਆਪਣੀ ਸੁਰੱਖਿਆ ਲੋਚਦੀਆਂ ਰਹਿੰਦੀਆਂ ਹਨ। ਇਸ ਨਾਲ ਸਰਕਾਰ ਵੱਲੋਂ ਕਿਸਾਨ ਪੱਖੀ ਸੁਧਾਰ ਅਤੇ ਕਿਸਾਨ ਦੀ ਮਿਹਨਤ ਮਸਲ ਕੇ ਰਹਿ ਜਾਂਦੀ ਹੈ।

ਜਿਣਸ ਦੀ ਮੰਡੀਕਰਣ ਤੋਂ ਬਿਨ੍ਹਾਂ ਕਿਸਾਨ ਸਰਕਾਰ ਅਤੇ ਵਿਸ਼ਵਾਸ ਜਤਾਉਦੇ ਰਹਿੰਦੇ ਹਨ। ਦੋਵੇਂ ਧਿਰ ਉੱਨਤੀ ਦੇ ਪੱਖ ਤੋਂ ਤਾਲਮੇਲ ਵੀ ਰੱਖਦੀਆਂ ਹਨ। ਵਾਤਾਵਰਨ, ਪਾਣੀ ਅਤੇ ਪਰਾਲੀ ਸੰਬੰਧੀ ਕਿਸਾਨ ਆਪਣੀ ਮਜ਼ਬੂਰੀ ਦੱਸਦੇ ਹਨ। ਸਰਕਾਰ ਸੁਣਦੀ ਵੀ ਹੈ। ਇਕ ਟਨ ਪਰਾਲੀ ਸਾੜਨ ਨਾਲ 5.5 ਕਿਲੋਗਰਾਮ ਨਾਈਟ੍ਰੋਜਨ, 2.3 ਕਿਲੋਗਰਾਮ ਫਾਸਫੋਰਸ, 2.5 ਕਿਲੋਗਰਾਮ ਪੋਟਾਸ਼, 1.2 ਕਿਲੋਗਰਾਮ ਸਲਫਰ ਨਸ਼ਟ ਹੁੰਦਾ ਹੈ। ਪਰਾਲੀ ਫਿਰ ਵੀ ਸਾੜ੍ਹੀ ਜਾਂਦੀ ਹੈ। ਇਸ ਵਿਸ਼ੇ ਤੇ ਪਰਾਲੀ ਨਾ ਸਾੜ੍ਹਨ ਲਈ ਸਰਕਾਰ ਨੇ ਵਿੱਤੀ ਉਪਰਾਲੇ ਵੀ ਸ਼ੁਰੂ ਕੀਤੇ ਹਨ।

ਇਤਲਾਹਾਂ ਹਨ ਕਿ ਪਾਣੀ ਬਚਾਉਣ ਲਈ ਝੋਨੇ ਹੇਠ 15 ਲੱਖ ਹੈਕਟੇਅਰ ਰਕਬਾ ਚਾਹੀਦਾ ਹੈ। ਜਦੋਂ ਕਿ 2018-19 ਵਿੱਚ 31.03 ਹੈਕਟੇਅਰ ਰਕਬਾ ਝੋਨੇ ਹੇਠ ਸੀ। ਪਹਿਲਕਦਮੀਆਂ ਦੇ ਤੌਰ ਤੇ ਸਮਰਥਨ ਮੁੱਲ ਵਿੱਚ ਵਾਧਾ, ਖਰੀਦ ਦੀ ਜ਼ਿੰਮੇਵਾਰੀ, ਦੋ ਫਸਲੀ ਚੱਕਰ ਤੋਂ ਬਾਹਰ ਵਾਲੀਆਂ ਫਸਲਾਂ ਅਤੇ ਖੇਤੀ ਦੇ ਸਹਾਇਕ ਧੰਦਿਆਂ ਨੂੰ ਹੁਲਾਰਾ ਦੇਣ ਨਾਲ ਇਹਨਾਂ ਦੀ ਉਪਜ ਦੀ ਖਪਤ ਸਬੰਧੀ ਸਖਤ ਕਦਮਾਂ ਦੀ ਲੋੜ ਹੈ। ਇਸ ਤੋਂ ਇਲਾਵਾ ਜੈਵਿਕ ਫਸਲਾਂ, ਦੁੱਧ ਅਤੇ ਹੋਰ ਚੀਜ਼ਾਂ ਨੂੰ ਸਿਹਤ ਦੇ ਪੱਖ ਤੋਂ ਉਤਸ਼ਾਹਿਤ ਕਰਨ ਦੀ ਲੋੜ ਹੈ। ਇਸ ਸੰਬੰਧੀ ਤੁਰੰਤ ਨਤੀਜੇ ਤਾਂ ਹੀ ਸਹੀ ਆ ਸਕਦੇ ਹਨ। ਇੱਕ ਵਾਰ ਪਈ ਲੀਹ ਮੁੜ ਕੇ ਭੰਨੀ ਨਹੀਂ ਜਾ ਸਕਦੀ। ਲੋੜ ਹੈ, ਫਸਲਾਂ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਕੇ ਉਹਨਾਂ ਸਬੰਧੀ ਪਹਿਲਕਦਮੀਆਂ ਸ਼ੁਰੂ ਕਰਨ ਦੀ। ਤਾਂ ਜੋ ਕਿਸਾਨ ਅਤੇ ਸਰਕਾਰ ਵਿਚਾਲੇ ਤਾਲਮੇਲ ਪੈਦਾ ਹੋਵੇ ਇਸ ਵਿੱਚੋਂ ਹੀ ਭਵਿੱਖ ਵਿਕਾਸ-ਮੁੱਖੀ ਹੋਣ ਦੀ ਗੁੰਜਾਇਸ਼ ਵਧੇਗੀ। ਆਓ ਫਸਲਾਂ ਸੰਬੰਧੀ ਚੁਣੌਤੀਆਂ ਦਾ ਸਾਹਮਣਾ ਕਰਕੇ ਪ੍ਰਮਾਣਿਤ ਪਹਿਲਕਦਮੀਆਂ ਸ਼ੁਰੂ ਕਰੀਏ।

ਸੁਖਪਾਲ ਸਿੰਘ ਗਿੱਲ,
ਅਬਿਆਣਾ ਕਲਾਂ
ਮੋ. 9878111445

ਕਾਲੀ ਤੋਰੀ ਦੀ ਨਵੀਂ ਕਿਸਮ - ਪੰਜਾਬ ਨਿਖਾਰ

ਪੰਜਾਬ ਨਿਖਾਰ ਕਾਲੀ ਤੋਰੀ ਜਾਂ ਰਮ ਤੋਰੀ ਦੀ ਅਗੇਤੀ ਕਿਸਮ ਹੈ। ਇਸ ਕਿਸਮ ਦੀਆਂ ਵੇਲਾਂ ਦਰਮਿਆਨੀਆਂ ਲੰਬੀਆਂ ਅਤੇ ਪੱਤੇ ਹਰੇ ਰੰਗ ਦੇ ਅਤੇ ਛੋਟੇ ਹੁੰਦੇ ਹਨ। ਇਸ ਦੇ ਫਲ ਲੰਮੇ, ਕੂਲੇ, ਨਰਮ, ਫਿੱਕੇ ਹਰੇ ਹੁੰਦੇ ਹਨ ਅਤੇ ਕ੍ਰੀਮ ਰੰਗ ਦਾ ਬੀਜ ਬਣਦਾ ਹੈ। ਇਸ ਕਿਸਮ ਦੇ ਬੂਟੇ ਲਾਉਣ ਉਪਰੰਤ ਪਹਿਲੀ ਤੁੜਾਈ ਲਈ 43 ਦਿਨ ਤੇ ਹੁੰਦੀ ਹੈ ਅਤੇ ਔਸਤਨ ਝਾੜ 82 ਕੁਇੰਟਲ ਪ੍ਰਤੀ ਏਕੜ ਹੈ। ਇਹ ਨਵੀਂ ਕਿਸਮ ਪੀ. ਐਸ. ਜੀ-9 ਨਾਲੋਂ 14 ਦਿਨ ਅਗੇਤੀ ਹੈ ਅਤੇ 28% ਜ਼ਿਆਦਾ ਝਾੜ ਦਿੰਦੀ ਹੈ। ਇਸ ਦਾ ਰੰਗ ਹਲਕਾ ਹਰਾ ਹੋਣ ਕਾਰਨ ਤੁੜਾਈ ਉਪਰੰਤ ਤਾਜ਼ੀ ਦਿੱਖ ਦਿੰਦੀ ਹੈ। ਇਹ ਅਗੇਤੀ ਅਤੇ ਜ਼ਿਆਦਾ ਝਾੜ ਵਾਲੀ ਕਿਸਮ ਅਗੇਤੇ ਮੰਡੀਕਰਨ ਲਈ ਢੁੱਕਵੀ ਹੈ। ਪੰਜਾਬ ਵਿੱਚ ਇਸ ਦੀ ਕਾਸ਼ਤ ਗਰਮੀ ਅਤੇ ਬਰਸਾਤ ਦੋਨਾਂ ਮੌਸਮਾਂ ਵਿੱਚ ਕੀਤੀ ਜਾ ਸਕਦੀ ਹੈ। ਗਰਮੀ ਦੀ ਫਸਲ ਲਈ ਇਸ ਦੀ ਬਿਜਾਈ ਅੱਧ ਫਰਵਰੀ ਤੋਂ ਮਾਰਚ ਤੱਕ ਅਤੇ

ਬਰਸਾਤ ਰੁੱਤ ਦੀ ਫਸਲ ਲਈ ਬਿਜਾਈ ਅੱਧ ਮਈ ਤੋਂ ਜੁਲਾਈ ਤੱਕ ਕੀਤੀ ਜਾ ਸਕਦੀ ਹੈ। ਇਕ ਏਕੜ ਦੀ ਸਿੱਧੀ ਬਿਜਾਈ ਲਈ ਲਗਭਗ 2 ਕਿਲੋ ਬੀਜ ਨੂੰ 3.0 ਮੀਟਰ ਚੌੜੇ ਬੈੱਡ ਬਣਾ ਕੇ ਦੋਵੇਂ ਪਾਸੇ 60 ਸੈਂਟੀਮੀਟਰ ਦੇ ਫਰਕ ਤੇ ਇਕ ਜਗਾ ਤੇ ਦੋ-ਦੋ ਬੀਜ ਬੀਜੋ। ਬਿਜਾਈ ਜਾਂ ਬੂਟੇ ਲਾਉਣ ਤੋਂ ਪਹਿਲਾਂ, ਖੇਤ ਨੂੰ ਚੰਗੀ ਤਰ੍ਹਾਂ ਤਿਆਰ ਕਰਕੇ 30 ਕਿਲੋ ਯੂਰੀਆ, 125 ਕਿਲੋ ਸੁਪਰਫਾਸਫੇਟ ਅਤੇ 35 ਕਿਲੋ ਮਿਊਰੇਟ ਆਫ ਪੋਟਾਸ਼ ਪ੍ਰਤੀ ਏਕੜ ਪਾਉਣੀ ਚਾਹੀਦੀ ਹੈ। ਬਾਕੀ 60 ਕਿਲੋ ਯੂਰੀਆ 2 ਹਿਸਿਆਂ ਵਿੱਚ ਵੰਡ ਕੇ ਬਿਜਾਈ ਜਾਂ ਬੂਟੇ ਲਾਉਣ ਤੋਂ ਇਕ ਮਹੀਨੇ ਅਤੇ ਦੋ ਮਹੀਨੇ ਬਾਅਦ ਤੁੜਾਈਆਂ ਦੌਰਾਨ ਪਾਉਣੀ ਚਾਹੀਦੀ ਹੈ। ਪਹਿਲਾ ਪਾਣੀ ਬਿਜਾਈ ਜਾਂ ਬੂਟੇ ਲਾਉਣ ਉਪਰੰਤ ਅਤੇਬਾਅਦ ਵਿੱਚ ਸਿੰਚਾਈ ਮੌਸਮ ਅਨੁਸਾਰ ਕੀਤੀ ਜਾ ਸਕਦੀ ਹੈ। ਜੇਕਰ ਨਰਮ ਅਤੇ ਦਰਮਿਆਨੇ ਆਕਾਰ ਦੇ ਫਲਾਂ ਦੀ ਤੁੜਾਈ 3-4 ਦਿਨ ਦੇ ਵਕਫੇ ਤੇ ਕੀਤੀ ਜਾਵੇ ਤਾਂ ਲਗਾਤਾਰ ਨਵੇਂ ਫਲ ਲਗਦੇ ਰਹਿੰਦੇ ਹਨ। ਬੀਜ ਉਤਪਾਦਨ ਲਈ, ਇਸ ਕਿਸਮ ਦੀ ਫਸਲ ਦੂਸਰੀ ਕਿਸਮ ਤੋਂ 1000 ਮੀਟਰ ਦੇ ਫਾਸਲੇ ਤੇ ਹੋਣੀ ਚਾਹੀਦੀ ਹੈ। ਗੈਰ ਕਿਸਮ ਤੇ ਬੂਟੇ ਫੁੱਲ ਸ਼ੁਰੂ ਹੋਣ ਤੋਂ ਪਹਿਲਾਂ, ਫਲ ਬਣਨ ਸਮੇਂ ਅਤੇ ਪੱਕਣ ਸਮੇਂ ਪੁੱਟ ਦੇਣੇ ਚਾਹੀਦੇ ਹਨ। ਬੀਜ ਵਾਲੀ ਫਸਲ ਫਰਵਰੀ-ਮਾਰਚ ਮਹੀਨੇ ਹੀ ਲਗਾਉ ਤਾਂ ਜੋ ਕਿਉਕਿ ਬੀਜ ਕੱਢਣ ਸਮੇਂ ਮੌਸਮ ਦਾ ਖੁਸ਼ਕ ਹੋਣ ਹੋਣਾ ਜ਼ਰੂਰੀ ਹੈ ਅਤੇ ਫਲ ਦੀ ਤੁੜਾਈ ਪੂਰੇ ਪੱਕਣ ਤੇ ਕਰਕੇ ਸੁੱਕਣ ਲਈ ਰੱਖ ਦਿਉ। ਸੁੱਕੇ ਫਲਾਂ ਵਿਚੋਂ ਬੀਜ ਸੌਖਾ ਨਿਕਲ ਜਾਂਦਾ ਹੈ। ਬੀਜ ਨੂੰ ਸਾਫ ਅਤੇ ਗ੍ਰੇਡ ਕਰਨ ਤੋਂ ਬਾਅਦ ਘੱਟ ਤਾਪਮਾਨ ਅਤੇ ਘੱਟ ਨਮੀਂ ਉਪਰ ਸਟੋਰ ਕਰਨਾ ਚਾਹੀਦਾ ਹੈ।

ਮਹਿੰਦਰ ਕੌਰ ਸਿੱਧੂ ਅਤੇ
ਅਜਮੇਰ ਸਿੰਘ ਢੱਟ, ਸਬਜ਼ੀ
ਵਿਗਿਆਨ ਵਿਭਾਗ, ਪੀ ਏ ਯੂ।

ਬੀਜ ਸੋਧ ਤਕਨੀਕ

ਫਸਲ ਦਾ ਬਿਮਾਰੀਆਂ ਤੋਂ ਬਚਾਅ

ਬੀਜ ਸੋਧ ਬਹੁਤ ਹੀ ਜ਼ਰੂਰੀ ਹੋ ਜਾਂਦਾ ਹੈ, ਤਾਂ ਜੋ ਬੀਜ, ਮਿੱਟੀ ਅਤੇ ਹਵਾ ਨਾਲ ਪੈਦਾ ਹੋਣ ਵਾਲੀਆਂ ਬਿਮਾਰੀਆਂ ਤੋਂ ਬਚਾਅ ਕੀਤਾ ਜਾ ਸਕੇ ।

ਕਿਨ੍ਹਾਂ ਹਾਲਤਾਂ ਵਿੱਚ ਬੀਜ ਸੋਧ ਕਰਨਾ ਲਾਜ਼ਮੀ ਹੈ ?

1. ਬੀਜ ਦੇ ਛਿਲਕੇ ਦਾ ਨੁਕਸਾਨ : ਭੰਡਾਰਨ ਦੇ ਦੌਰਾਨ ਕਈਂ ਵਾਰ ਮਕੈਨੀਕਲ ਸੱਟ ਲੱਗ ਜਾਣ ਕਰਕੇ ਜਾਂ ਮੌਸਮ ਦੀ ਖਰਾਬੀ ਕਰਕੇ ਬੀਜ ਦੇ ਛਿਲਕੇ ਵਿੱਚ ਕੋਈ ਟੁੱਟ-ਭੱਜ ਹੋ ਜਾਂਦੀ ਹੈ ਜਿਸ ਵਿਚੋਂ ਰੋਗਾਣੂ ਨੂੰ ਬੀਜ ਵਿਚ ਦਾਖਲ ਕਰ ਦਿੰਦੀ ਹੈ, ਜੋ ਕਿ ਬੀਜ ਨੂੰ ਮਾਰਨ ਦਾ ਕੰਮ ਕਰਦੀ ਹੈ, ਜਾਂ ਇਸ ਬੀਜ ਵਿਚੋਂ ਪੈਦਾ ਹੋਏ ਪੌਦੇ ਵਿੱਚ ਇਨ੍ਹਾਂ ਰੋਗਾਣੂ ਨੂੰ ਨੁਕਸਾਨ ਕਰਨ ਦਾ ਮੌਕਾ ਪ੍ਰਦਾਨ ਕਰਦੀ ਹੈ । ਇਸ ਸਥਿਤੀ ਵਿੱਚ ਬੀਜ ਸੋਧ ਕਰਨਾ ਲਾਜ਼ਮੀ ਹੋ ਜਾਂਦਾ ਹੈ ।

2. ਬੀਮਾਰੀ ਵਾਲਾ ਬੀਜ : ਜਦੋਂ ਕਿਸਾਨ ਕਟਾਈ ਸਮੇਂ ਸਾਫ-ਸੁਥਰੀ ਮਸ਼ੀਨਰੀ ਦੀ ਵਰਤੋਂ ਨਹੀਂ ਕਰਦੇ ਜਾਂ ਪ੍ਰੋਸੈਸਿੰਗ ਦੌਰਾਨ ਬੀਜ ਰੋਗ ਦੇ ਰੋਗਾਣੂਆਂ ਦੁਆਰਾ ਸੰਕ੍ਰਮਿਤ ਹੋ ਸਕਦੇ ਹਨ । ਇਸ ਤੋਂ ਇਲਾਵਾ ਗੋਦਾਮਾਂ ਵਿੱਚ ਜਾਂ ਘਰੇਲੂ ਸਟੋਰ ਕੀਤੇ ਬੀਜ ਨੂੰ ਵੀ ਬਿਮਾਰੀ ਲੱਗ ਸਕਦੀ ਹੈ । ਇਨ੍ਹਾਂ ਹਾਲਤਾਂ ਤਹਿਤ ਬੀਜ ਸੋਧ ਕਰਨਾ ਲਾਜ਼ਮੀ ਹੋ ਜਾਂਦਾ ਹੈ ।

3. ਮਿੱਟੀ ਵਿੱਚ ਬਿਮਾਰੀ ਲੱਗਣਾ : ਅਣਸੋਧੇ ਬੀਜ ਕਈਂ ਵਾਰ ਮਿੱਟੀ ਵਿੱਚ ਰੋਗਾਣੂਆਂ ਦਾ ਸ਼ਿਕਾਰ ਹੋ ਜਾਂਦੇ ਹਨ । ਮਿੱਟੀ ਦੀਆਂ ਅਣ-ਅਨੁਕੂਲ ਹਾਲਤਾਂ ਜਿਵੇਂ ਕਿ ਠੰਢੀ ਅਤੇ ਗਿੱਲ੍ਹੀ ਮਿੱਟੀ ਜਾਂ ਬਹੁਤ ਖੁਸ਼ਕ ਮਿੱਟੀ ਆਦਿ ਰੋਗਾਣੂਆਂ ਦਾ ਹਮਲੇ ਅਤੇ ਵਿਕਾਸ ਦੇ ਅਨੁਕੂਲ ਹੋ ਸਕਦੀਆਂ ਹਨ, ਜੋ ਕਿ ਬੀਜ ਸੋਧ ਲਾਜ਼ਮੀ ਬਣਾਉਂਦੀਆਂ ਹਨ ।

ਬਿਮਾਰੀਆਂ ਤੋਂ ਬਚਾਅ ਲਈ ਝੋਨੇ ਅਤੇ ਬਾਸਮਤੀ ਦਾ ਬੀਜ ਸੋਧ : ਪੰਜਾਬ ਪ੍ਰਾਂਤ ਵਿੱਚ ਇਸ ਸਮੇਂ ਝੋਨੇ ਅਤੇ ਬਾਸਮਤੀ ਦੀ ਪਨੀਰੀ ਲਈ ਬਹੁਤ ਹੀ ਢੁਕਵਾਂ ਹੈ ਅਤੇ ਪਨੀਰੀ ਦਾ ਪੁੰਗਾਰਾ ਵਧੀਆ ਕਰਨ ਲਈ ਬੀਜ ਸੋਧ ਕਰਨਾ ਬਹੁਤ ਜ਼ਰੂਰੀ ਹੈ, ਬੀਜ ਸੋਧ ਨਾਲ ਬੀਜ ਰਾਹੀਂ ਫੈਲਣ ਵਾਲੀਆਂ ਬਿਮਾਰੀਆਂ ਨੂੰ ਘਟਾਉਣ ਵਿੱਚ ਮਦਦ ਵੀ ਮਿਲਦੀ ਹੈ ।

ਝੋਨੇ ਵਿੱਚ ਬੀਜ ਸੋਧ :

★ ਟੱਬ ਜਾਂ ਬਾਲਟੀ ਵਿੱਚ ਲੋੜ ਅਨੁਸਾਰ ਬੀਜ ਨੂੰ ਪਾਣੀ ਵਿੱਚ ਪਾਓ ਅਤੇ ਚੰਗੀ ਤਰ੍ਹਾਂ ਹਿਲਾਓ । ਜਿਹੜਾ ਹਲਕਾ ਬੀਜ ਪਾਣੀ ਉੱਤੇ ਤਰ ਆਵੇ ਉਸ ਨੂੰ ਬਾਹਰ ਸੁੱਟ ਦਿਓ ।

★ ਅੱਠ ਕਿਲੋ ਭਾਰੇ ਬੀਜ ਨਾਲ ਬੀਜੀ ਪਨੀਰੀ ਇਕ ਏਕੜ ਲਈ ਕਾਫੀ ਹੁੰਦੀ ਹੈ ਅਤੇ ਪਨੀਰੀ ਦੇ ਬੂਟੇ ਨਰੋਏ ਅਤੇ ਇੱਕੋ ਜਿਹੇ ਹੁੰਦੇ ਹਨ ।

★ ਚੁਣੇ ਹੋਏ ਬੀਜ ਨੂੰ ਬੀਜਣ ਤੋਂ ਪਹਿਲਾਂ 24 ਗ੍ਰਾਮ ਸਪਰਿੰਟ 75 ਡਬਲਯੂ ਐਸ (ਮੈਨਕੋਜ਼ੈਬ+ਕਾਰਬੈਂਡਾਜ਼ਿਮ) 8 ਕਿਲੋ ਬੀਜ ਲਈ ਉੱਲੀਨਾਸ਼ਕ 80-100 ਮਿਲੀਲਿਟਰ ਪਾਣੀ ਵਿੱਚ ਘੋਲ ਕੇ) ਦੇ ਹਿਸਾਬ ਨਾਲ ਸੋਧ ਲਓ । (3 ਗ੍ਰਾਮ ਸਪਿਰੰਟ ਪ੍ਰਤੀ ਕਿਲੋ ਬੀਜ ਲਈ) ।

ਬਾਸਮਤੀ : ਬੀਜ ਅਤੇ ਪਨੀਰੀ ਦੀ ਸੋਧ : ★ ਬਾਸਮਤੀ ਦੀ ਫਸਲ 'ਤੇ ਮੁੱਢ ਗਲਣ (ਝੰਡਾ ਰੋਗ) ਦੀ ਬਿਮਾਰੀ ਦਾ ਹਮਲਾ ਹੁੰਦਾ ਹੈ । ਬੀਮਾਰੀ ਪਨੀਰੀ ਵਾਲੇ ਬੂਟੇ ਪੀਲੇ ਪੈ ਜਾਂਦੇ ਹਨ ਅਤੇ ਥੱਲੇ ਤੋਂ ਉੱਪਰ ਵੱਲ ਮੁਰਝਾਅ ਕੇ ਸੁੱਕ ਜਾਂਦੇ ਹਨ ।

★ ਬੀਜ ਨੂੰ ਬੀਜਣ ਤੋਂ ਪਹਿਲਾਂ 15 ਗ੍ਰਾਮ ਟ੍ਰਾਈਕੋਡਰਮਾ ਹਰਜ਼ੀਐਨਮ ਪ੍ਰਤੀ ਕਿਲੋ ਬੀਜ ਦੇ ਹਿਸਾਬ ਨਾਲ ਸੋਧ ਲਓ । ਪਨੀਰੀ ਖੇਤ ਵਿੱਚ ਲਾਉਣ ਤੋਂ ਪਹਿਲਾਂ ਉਸ ਦੀਆਂ ਜੜ੍ਹਾਂ ਵੀ 15 ਗ੍ਰਾਮ ਟ੍ਰਾਈਕੋਡਰਮਾ ਹਰਜ਼ੀਐਨਮ ਪ੍ਰਤੀ ਲਿਟਰ ਪਾਣੀ ਵਿੱਚ 6 ਘੰਟੇ ਲਈ ਡੁਬੋ ਲਵੋ ।

ਬੀਜ ਸੋਧ ਵੇਲੇ ਧਿਆਨ ਦੇਣ ਯੋਗ ਗੱਲਾਂ ★ ਸਿਰਫ ਸਿਫਾਰਸ਼ ਕੀਤੇ ਹੋਏ ਉੱਲੀਨਾਸ਼ਕ ਹੀ ਵਰਤੋ ।

★ ਬੀਜ ਸੋਧ ਸਮੇਂ ਉੱਲੀਨਾਸ਼ਕ ਦੀ ਸਹੀ ਮਾਤਰਾ ਦਾ ਇਸਤੇਮਾਲ ਕਰਨਾ ਬਹੁਤ ਜ਼ਿਆਦਾ ਜ਼ਰੂਰੀ ਹੈ, ਬਹੁਤ ਜ਼ਿਆਦਾ ਜਾਂ ਬਹੁਤ ਘੱਟ ਮਾਤਰਾ ਨਾਲ ਢੁਕਵੇਂ ਨਤੀਜੇ ਨਹੀਂ ਮਿਲਦੇ ।

★ ਬਹੁਤ ਜ਼ਿਆਦਾ ਨਮੀਂ ਵਾਲੇ ਬੀਜ ਦੀ ਸੋਧ ਤੋਂ ਗੁਰੇਜ਼ ਕਰੋ ।

★ ਸੋਧਿਆ ਹੋਇਆ ਬੀਜ ਮਨੁੱਖੀ ਜਾਂ ਜਾਨਵਰਾਂ ਦੇ ਭੋਜਨ ਵਜੋਂ ਨਹੀਂ ਵਰਤਿਆ ਜਾਣਾ ਚਾਹੀਦਾ ਹੈ ।

ਡਾ. ਰਿਤੂ ਰਾਜ, ਡਾ. ਸੰਜੀਵ ਕੁਮਾਰ ਕਟਾਰੀਆ ਅਤੇ ਡਾ. ਕੁਲਦੀਪ ਸਿੰਘ

ਬੀਜ ਖਰੀਦਣ ਸਮੇਂ ਕਿਸਾਨਾਂ ਦੇ ਧਿਆਨ ਦੇਣਯੋਗ ਗੱਲਾਂ

ਬੀਜ ਖਰੀਦਣ ਤੋਂ ਬਾਅਦ ਦੁਕਾਨਦਾਰ ਤੋਂ ਬਿਲ ਜ਼ਰੂਰ ਲਉ । ਬੀਜ ਹਮੇਸ਼ਾਂ ਇਹ ਧਿਆਨ ਵਿੱਚ ਰੱਖਦੇ ਹੋਏ ਖਰੀਦੋ ਕਿ ਤੁਹਾਡੀ ਜ਼ਮੀਨ ਲਈ ਕਿਸ ਕਿਸਮ ਦੀ ਹੈ ।

ਬੀਜ ਚੰਗਾ ਰਹੇਗਾ ਜਾਂ ਕਿਹੜੀ ਵਰਾਇਟੀ ਤੁਹਾਡੀ ਜ਼ਮੀਨ ਮੁਤਾਬਕ ਸਹੀ ਹੈ, ਜੇਕਰ ਇਸ ਬਾਰੇ ਤੁਹਾਨੂੰ ਜਾਣਕਾਰੀ ਨਹੀਂ ਹੈ ਤਾਂ ਖੇਤੀਬਾੜੀ ਵਿਭਾਗ ਨਾਲ ਸੰਪਰਕ ਕਰਨ

ਤੋਂ ਬਾਅਦ ਹੀ ਬੀਜ ਖਰੀਦੋ ।

ਬੀਜ ਖਰੀਦਣ ਤੋਂ ਬਾਅਦ ਤੁਸੀਂ ਘਰ ਵਿੱਚ ਹੀ ਬੀਜ ਦੀ ਜਰਮੀਨੇਸ਼ਨ (ਪੁੰਗਰਅ) ਚੈੱਕ ਕਰ ਸਕਦੇ ਹੋ, ਜੇਕਰ ਪੁੰਗਰਅ ਘੱਟ ਹੋਵੇ ਤਾਂ ਬੀਜ ਵਾਪਸ ਕਰ ਦਿਉ । ਬਿਜਾਈ ਦਾ ਢੰਗ ਅਤੇ ਬੀਜ ਦੀ ਮਾਤਰਾ ਸਿਫਾਰਸ਼ ਅਨੁਸਾਰ ਹੀ ਵਰਤੋਂ ।

ਬੀਜ ਬੰਦ ਪੈਕਿੰਗ ਵਿਚ ਆਉਂਦੇ ਹਨ ਅਤੇ ਹਮੇਸ਼ਾਂ ਬੰਦ ਪੈਕਿੰਗ ਵਿੱਚ ਹੀ ਖਰੀਦੋ, ਇਸ ਨਾਲ ਦੁਕਾਨਦਾਰ ਦੇ ਹੇਰ-ਫੇਰ ਕਰਨ ਦੀ ਸੰਭਾਵਨਾ ਨਹੀਂ ਰਹਿੰਦੀ । ਜੇਕਰ ਫਿਰ ਵੀ ਤੁਹਾਨੂੰ ਕਿਸੇ ਤਰ੍ਹਾਂ ਕੋਈ ਸ਼ੱਕ ਹੋਵੇ ਤਾਂ ਤੁਸੀਂ ਬੀਜ ਖਰੀਦਣ ਤੋਂ ਬਾਅਦ ਬੀਜ ਚੈੱਕ ਕਰਵਾ ਲਉ । ਬੀਜ ਦਾ ਬਿਲ ਅਤੇ ਪੈਕਟ ਵਾਢੀ ਤਕ ਸੰਭਾਲ ਕੇ ਰੱਖੋ, ਤਾਂ ਜੋ ਕੋਈ ਸਮੱਸਿਆ ਆਉਣ 'ਤੇ ਇਨ੍ਹਾਂ ਨੂੰ ਸਬੂਤ ਦੇ ਤੌਰ 'ਤੇ ਵਰਤਿਆ ਜਾ ਸਕੇ ।

KS Group PUNJAB
www.ksagrotech.org
sales@ksagrotech.org
ਨਵੇਂ ਯੁੱਗ ਦੇ ਕਿਸਾਨਾਂ ਦੀ ਪਹਿਲੀ ਪਸੰਦ
Government APPROVED Approved

ਕ੍ਰਾਂਤੀ ਸਟਰਾ-ਰੀਪਰ ਬੁੱਕ ਕਰਵਾਓ
KSA Straw Reaper
ਕੇ.ਐਸ.ਐਗਰੀਕਲਚਰਲ ਇੰਡਸਟਰੀਜ਼ ਪ੍ਰਾ. ਲਿ.
ਰਾਏਕੋਟ ਰੋਡ, ਮਲੇਰਕੋਟਲਾ, ਜ਼ਿਲਾ ਸੰਗਰੂਰ, ਪੰਜਾਬ
+91 92170-70755
+91 92170-71755

ਦੁੱਧ ਨਾਲ ਕਿਵੇਂ ਕਰੀਏ ਸਿਹਤ ਸਮੱਸਿਆਵਾਂ ਦਾ ਹੱਲ?

ਖੁਸ਼ਕ ਅਤੇ ਰੁੱਖੀ ਚਮੜੀ ਲਈ ਦੁੱਧ ਦਾ ਇਸ਼ਨਾਨ ਬਹੁਤ ਲਾਭਕਾਰੀ ਹੈ। ਇਸ ਲਈ ਜ਼ਿਆਦਾ ਦੁੱਧ ਦੀ ਲੋੜ ਨਹੀਂ ਹੁੰਦੀ, ਸਗੋਂ ਥੋੜੇ ਜਿਹੇ ਦੁੱਧ ਨਾਲ ਹੀ ਚਮੜੀ ਦੋਧੀ ਅਤੇ ਕੋਮਲ ਹੋ ਜਾਂਦੀ ਹੈ। ਅੱਧੀ ਕਟੋਰੀ ਕੱਚੇ ਅਤੇ ਕੋਸੇ ਦੁੱਧ ਵਿੱਚ ਇਕ ਸਾਫ ਸੁਥਰਾ ਰੂੰ ਦਾ ਟੁਕੜਾ ਭਿਉਂ ਕੇ ਚਿਹਰੇ, ਗਰਦਨ, ਹੱਥਾਂ ਆਦਿ ਸਰੀਰ ਦੇ ਹੋਰ ਅੰਗਾਂ 'ਤੇ 5-10 ਮਿੰਟ ਤੱਕ ਨਰਮੀ ਨਾਲ ਫੇਰੋ। ਇਸ ਨਾਲ ਮੈਲ ਉਤਰ ਕੇ ਰੂੰ ਨਾਲ ਲੱਗ ਜਾਵੇਗੀ। 20 ਮਿੰਟ ਤੋਂ ਬਾਅਦ ਠੰਢੇ ਜਾਂ ਕੋਸੇ ਪਾਣੀ ਨਾਲ ਧੋ ਲਉ। ਇਹੀ ਦੁੱਧ ਦਾ ਇਸ਼ਨਾਨ ਹੈ। ਇਸ ਨਾਲ ਚਮੜੀ ਗੋਰੀ ਬਣਦੀ ਹੈ। ਇਸ ਇਸਤੇਮਾਲ ਨੂੰ ਹਰ ਰੋਜ਼ ਕਰਨ ਨਾਲ ਮੁਹਾਸੇ, ਚਿਹਰੇ ਦੀਆਂ ਝੁਰੜੀਆਂ, ਦਾਗ, ਧੱਬੇ, ਛਾਈਆਂ ਅਤੇ ਰੁੱਖਾਪਨ ਆਦਿ ਨਸ਼ਟ ਹੋ ਕੇ ਮੁੱਖ ਮੰਡਲ ਦੀ ਸ਼ੋਭਾ ਅਤੇ ਚਮਕ ਵਿੱਚ ਵਾਧਾ ਹੁੰਦਾ ਹੈ ਅਤੇ ਚਮੜੀ ਦਾ ਰੰਗ ਨਿਖਰਦਾ ਹੈ।

ਕੱਚੇ ਦੁੱਧ ਜਾਂ ਦੁੱਧ ਦੀ ਝੱਗ ਨੂੰ ਸਾਫ ਸੁਥਰੀ ਰੂੰ ਵਿੱਚ ਲਗਾ ਕੇ ਚਿਹਰੇ 'ਤੇ ਮਲਣ ਅਤੇ 20 ਮਿੰਟ ਬਾਅਦ ਨਿੰਬੂ ਮਲਣ ਨਾਲ ਚਿਹਰਾ ਚੀਕਣਾ ਹੋ ਜਾਂਦਾ ਹੈ। ਸਰਦ ਰੁੱਤ ਵਿੱਚ ਚਮੜੀ ਦੀ ਖੁਸ਼ਕੀ ਮਿਟਾਉਣ ਲਈ ਕੋਸਾ ਦੁੱਧ ਲੈ ਕੇ, ਉਸ ਨੂੰ ਉੱਨ ਜਾਂ ਰੂੰ ਦੀ ਸਹਾਇਤਾ ਨਾਲ ਚਿਹਰੇ ਅਤੇ ਹੱਥਾਂ 'ਤੇ ਹੌਲੀ-ਹੌਲੀ ਮਲ ਕੇ ਕੁੱਝ ਦੇਰ ਬਾਅਦ, ਹਲਕੇ ਗਰਮ ਪਾਣੀ ਨਾਲ ਧੋ ਲੈਣ ਨਾਲ ਵੀ ਚਮੜੀ ਸਾਫ ਅਤੇ ਕੋਮਲ ਬਣਦੀ ਹੈ।

ਇਕ ਚਮਚ ਦੁੱਧ ਦੀ ਠੰਢੀ ਮਲਾਈ ਅਤੇ ਇਕ ਚੁਟਕੀ ਹਲਦੀ ਦਾ ਬਾਰੀਕ ਚੂਰਨ ਮਿਲਾ ਕੇ ਚਿਹਰੇ 'ਤੇ ਹਰ ਰੋਜ਼ ਮਲਦੇ ਰਹਿਣ ਨਾਲ ਚਿਹਰਾ ਚਮਕਦਾਰ ਬਣਦਾ ਹੈ ਅਤੇ ਸੁੰਦਰਤਾ ਵਿੱਚ ਵਾਧਾ ਹੁੰਦਾ ਹੈ।

ਤੇਲੀ ਚਮੜੀ ਲਈ ਖੀਰੇ ਦਾ ਘੋਲ

ਕਿਸੇ ਸ਼ੀਸ਼ੇ ਜਾਂ ਚੀਨੀ ਦੇ ਬਰਤਨ ਵਿੱਚ ਖੀਰੇ ਨੂੰ ਕੱਦੂਕਸ ਕਰ ਕੇ ਇਸ ਦਾ ਕਪੜੇ ਨਾਲ ਚੰਗੀ ਤਰ੍ਹਾਂ ਨਿਚੋੜ ਕੇ ਰਸ ਕੱਢ ਲਉ। ਇਸ 1 ਔਂਸ ਜਾਂ 30 ਗ੍ਰਾਮ ਰਸ ਵਿੱਚ ਅੱਧਾ ਚਮਚ ਨਿੰਬੂ ਦਾ ਰਸ ਅਤੇ ਅੱਧਾ ਚਮਚ ਗੁਲਾਬ ਜਲ ਮਿਲਾ ਕੇ ਘੋਲ ਬਣਾ ਲਉ। ਇਸ ਘੋਲ ਨੂੰ ਸਾਫ ਸੁਥਰੇ ਰੂੰ ਨਾਲ ਚਿਹਰੇ ਤੇ ਗਰਦਨ 'ਤੇ ਲਗਾ ਕੇ ਅੱਧੇ ਜਾਂ ਇਕ ਘੰਟੇ ਬਾਅਦ ਪਹਿਲਾਂ ਕੋਸੇ ਪਾਣੀ ਵਿੱਚ ਫਿਰ ਸਾਦੇ ਠੰਢੇ ਪਾਣੀ ਨਾਲ ਮੂੰਹ ਧੋ ਲਉ। ਇਹ ਤੇਲੀ ਚਮੜੀ ਲਈ ਵਧੀਆ ਲੋਸ਼ਨ ਹੈ। ਇਸ ਦੇ ਇਸਤੇਮਾਲ ਨਾਲ ਚਿਹਰੇ 'ਤੇ ਕੁਦਰਤੀ ਚਮਕ ਅਤੇ ਨਿਖਾਰ ਆਉਂਦਾ ਹੈ। ਧੁੱਪ ਕਾਰਨ ਸਾਂਵਲੀ ਪੈ ਗਈ ਚਮੜੀ 'ਤੇ ਵੀ ਇਹ ਘੋਲ ਬਹੁਤ ਹੀ ਲਾਭਕਾਰੀ ਹੈ।

ਬੁਖਾਰ ਹੋਣ 'ਤੇ ਕੀ ਖਾਈਏ ਅਤੇ ਪੀਵੀਏ

ਤੰਦਰੁਸਤ ਵਿਅਕਤੀ ਵੀ ਇਕ ਸਮੇਂ ਦਾ ਭੋਜਨ ਨਾ ਮਿਲਣ 'ਤੇ ਨਿਢਾਲ ਹੋ ਜਾਂਦਾ ਹੈ। ਬੀਮਾਰੀ ਵਿੱਚ ਤਾਂ ਹੋਰ ਵੀ ਜ਼ਿਆਦਾ ਊਰਜਾ ਦੀ ਲੋੜ ਹੁੰਦੀ ਹੈ। ਇਕ ਤਾਂ ਸਰੀਰ ਦੀ ਸ਼ਕਤੀ ਬਣੀ ਰਹੇ ਅਤੇ ਦੂਜੇ ਬੀਮਾਰੀ 'ਤੇ ਕਾਬੂ ਪਾਉਣਾ ਹੈ। ਅਜਿਹੇ ਵਿੱਚ ਸਵਾਲ ਪੈਦਾ ਹੁੰਦਾ ਹੈ ਕਿ ਬੁਖਾਰ ਹੋਣ



'ਤੇ ਅਸੀਂ ਕੀ ਖਾਈਏ ਅਤੇ ਕੀ ਪੀਤਾ ਜਾਵੇ ?

★ ਦਾਲਾਂ ਦਾ ਪਾਣੀ ਬੁਖਾਰ ਵਿੱਚ ਲਾਭਦਾਇਕ ਹੈ। ਮੂੰਗੀ ਇਨ੍ਹਾਂ ਵਿਚੋਂ ਮੁੱਖ ਹੈ। ਉਬਾਲੀ ਹੋਈ ਮੂੰਗੀ ਦਾਲ ਦੇ ਪਾਣੀ ਵਿੱਚ ਸੁੰਢ, ਕਾਲੀ ਮਿਰਚ ਅਤੇ ਨਮਕ ਮਿਲਾ ਕੇ ਕੋਸਾ ਹੀ ਬੁਖਾਰ-ਰੋਗੀ ਨੂੰ ਪਿਆਓ। ਜੇ ਸਿਰਫ ਮੂੰਗੀ ਪਸੰਦ ਨਾ ਹੋਵੇ ਤਾਂ ਮੂੰਗੀ ਦੇ ਨਾਲ-ਨਾਲ ਮਸਰਾਂ ਦੀ ਦਾਲ ਵੀ ਉਬਾਲ ਲਉ। ਇਸੇ ਤਰ੍ਹਾਂ ਚਾਰ-ਛੇ ਦਾਲਾਂ ਨੂੰ ਉਬਾਲ ਕੇ ਵੀ ਉਨ੍ਹਾਂ ਦਾ ਪਾਣੀ ਪੀਤਾ ਜਾ ਸਕਦਾ ਹੈ।

★ ਚੌਲਾਂ ਦੀ ਪਿੱਛ ਊਰਜਾ ਨਾਲ ਭਰਪੂਰ ਹੁੰਦੀ ਹੈ ਅਤੇ ਬੁਖਾਰ ਵਿੱਚ ਹਾਨੀਕਾਰਕ ਨਹੀਂ ਸਗੋਂ ਲਾਭਦਾਇਕ ਹੈ। ਇਸ ਵਿੱਚ ਮਾਮੂਲੀ ਜਿਹੀ ਪੀਸੀ ਸੁੰਢ ਅਤੇ ਸੇਂਧਾ ਨਮਕ ਮਿਲਾ ਕੇ ਪੀਉ।

★ ਚੌਲਾਂ ਬਾਰੇ ਆਮ ਧਾਰਨਾ ਹੈ ਕਿ ਬੁਖਾਰ ਵਿੱਚ ਨੁਕਸਾਨ ਕਰਦੇ ਹਨ ਪਰ ਹਕੀਕਤ ਇਸ ਦੇ ਉਲਟ ਹੈ। ਬੁਖਾਰ ਵਿੱਚ ਚੌਲਾਂ ਦਾ ਸੇਵਨ ਹੀ ਸਭ ਤੋਂ ਵੱਧ ਲਾਭਦਾਇਕ ਹੈ। ਬੇਸਣ-ਦਹੀਂ ਦੀ ਕੜ੍ਹੀ ਦੇ ਨਾਲ ਚੌਲ ਖਾਣ ਨਾਲ ਬੁਖਾਰ ਵਿੱਚ ਛੇਤੀ ਲਾਭ ਹੁੰਦਾ ਹੈ।

★ ਪਿਆਜ਼ ਵੀ ਬੁਖਾਰ ਵਿੱਚ ਲਾਭ ਦਿੰਦਾ ਹੈ। ਪਿਆਜ਼ ਦੀ ਚਟਣੀ, ਸਲਾਦ ਦੇ ਰੂਪ ਵਿੱਚ ਪਿਆਜ਼ ਦਾ ਸੇਵਨ ਕਰ ਸਕਦੇ ਹੋ।

ਭਾਰ ਵਧਾਉਣ ਦੇ ਸ਼ੌਕੀਨ ਕਰਨ ਸ਼ਕਰਕੰਦੀ ਦੀ ਵਰਤੋਂ

ਸ਼ਕਰਕੰਦੀ ਖਾਣੀ ਸਾਰਿਆਂ ਨੂੰ ਹੀ ਪਸੰਦ ਹੁੰਦੀ ਹੈ। ਇਸ ਦੀ ਵਰਤੋਂ ਲੋਕਾਂ ਵਲੋਂ ਉਬਾਲ ਕੇ, ਚਾਟ ਲਾ ਕੇ ਕੀਤੀ ਜਾਂਦੀ ਹੈ। ਸ਼ਕਰਕੰਦੀ 'ਚ ਫਾਈਬਰ, ਐਂਟੀਆਕਸੀਡੈਂਟ, ਵਿਟਾਮਿਨ ਅਤੇ ਲਵਣ ਵਰਗੇ ਤੱਤ ਵੱਡੀ ਮਾਤਰਾ ਵਿਚ ਪਾਏ ਜਾਂਦੇ ਹਨ, ਜੋ ਸਰੀਰ ਲਈ ਫਾਇਦੇਮੰਦ ਹਨ। ਸ਼ਕਰਕੰਦੀ ਸਰੀਰ ਨੂੰ ਕਈਂ ਬੀਮਾਰੀਆਂ ਤੋਂ ਬਚਾਉਣ 'ਚ ਵੀ ਮਦਦ ਕਰਦੀ ਹੈ।

★ **ਅਸਥਮਾ ਰੋਗੀ ਲਈ ਫਾਇਦੇਮੰਦ** : ਨੱਕ, ਸਾਹ ਵਾਲੀ ਨਲੀ ਅਤੇ ਫੇਫੜਿਆਂ 'ਚ ਕਫ ਜੰਮਣ ਨਾਲ ਅਸਥਮਾ ਰੋਗੀਆਂ ਨੂੰ ਕਾਫੀ ਪ੍ਰੇਸ਼ਾਨੀ ਹੁੰਦੀ ਹੈ। ਅਜਿਹੇ 'ਚ ਰੋਜ਼ 1 ਸ਼ਕਰਕੰਦੀ ਉਬਾਲ ਕੇ ਖਾਣ ਨਾਲ ਕਫ ਦੀ ਸਮੱਸਿਆ ਦੂਰ ਹੋ ਜਾਂਦੀ ਹੈ ਅਤੇ ਅਸਥਮਾ ਰੋਗੀ ਨੂੰ ਆਰਾਮ ਮਿਲਦਾ ਹੈ।

★ **ਭਾਰ ਵਧਾਉਣ 'ਚ ਮਦਦਗਾਰ** : ਇਸ 'ਚ ਬਹੁਤ ਜ਼ਿਆਦਾ ਮਾਤਰਾ 'ਚ ਸਟਾਰਚ ਹੁੰਦਾ ਹੈ ਜਿਸ ਨਾਲ ਮਾਸਪੇਸ਼ੀਆਂ ਵਧਾਉਣ 'ਚ ਵੀ ਮਦਦ ਮਿਲਦੀ ਹੈ। ਇਸ ਤੋਂ ਇਲਾਵਾ ਇਸ 'ਚ ਮੌਜੂਦ ਵਿਟਾਮਿਨ, ਖਣਿਜ ਅਤੇ ਪ੍ਰੋਟੀਨ ਵਜ਼ਨ ਵਧਾਉਣ 'ਚ ਵੀ ਸਹਾਈ ਹੁੰਦੇ ਹਨ।

★ **ਦਿਲ ਦੀਆਂ ਬੀਮਾਰੀਆਂ ਤੋਂ ਬਚਾਅ** : ਸ਼ਕਰਕੰਦੀ ਖਾਣ ਨਾਲ ਸਰੀਰ ਦਾ ਕੋਲੈਸਟਰੋਲ ਪੱਧਰ ਸੰਤੁਲਿਤ ਰਹਿੰਦਾ ਹੈ। ਆਪਣੇ ਖਾਣੇ 'ਚ ਰੋਜ਼ਾਨਾ 1 ਸ਼ਕਰਕੰਦੀ ਦੀ ਵਰਤੋਂ ਜ਼ਰੂਰ ਕਰੋ ਕਿਉਂਕਿ ਇਸ 'ਚ ਕਾਪਰ, ਵਿਟਾਮਿਨ-ਬੀ6 ਹੁੰਦਾ ਹੈ। ਇਸ ਨਾਲ ਦਿਲ ਸਿਹਤਮੰਦ ਰਹਿੰਦਾ ਹੈ। ਸ਼ਕਰਕੰਦੀ ਦੀ ਵਰਤੋਂ ਕਰਨ ਨਾਲ ਤੁਸੀਂ ਦਿਲ ਦੀਆਂ ਬੀਮਾਰੀਆਂ ਤੋਂ ਵੀ ਬਚੇ ਰਹਿੰਦੇ ਹੋ।

★ **ਅੱਖਾਂ ਦੀ ਰੌਸ਼ਨੀ** : ਲਗਾਤਾਰ ਕੰਪਿਊਟਰ ਅਤੇ ਮੋਬਾਈਲ ਫੋਨ ਦੀ ਵਰਤੋਂ ਕਰਨ ਨਾਲ ਅੱਜਕੱਲ੍ਹ ਘੱਟ ਉਮਰ ਦੇ ਬੱਚਿਆਂ, ਨੌਜਵਾਨਾਂ ਦੀਆਂ ਅੱਖਾਂ ਦੀ ਰੌਸ਼ਨੀ ਘੱਟ ਹੋ ਜਾਂਦੀ ਹੈ। ਅਜਿਹੇ ਵਿੱਚ ਸ਼ਕਰਕੰਦੀ ਦੀ ਵਰਤੋਂ ਕਰਨੀ ਚਾਹੀਦੀ ਹੈ, ਜੋ ਅੱਖਾਂ ਦੀ ਰੌਸ਼ਨੀ ਨੂੰ ਤੇਜ਼ ਕਰਨ ਵਿਚ ਫਾਇਦੇਮੰਦ ਸਾਬਤ ਹੁੰਦੀ ਹੈ।

★ **ਝੁਰੜੀਆਂ ਘੱਟ ਕਰੇ** : ਵਧਦੀ ਉਮਰ ਦੇ ਨਾਲ-ਨਾਲ ਚਿਹਰੇ 'ਤੇ ਝੁਰੜੀਆਂ ਦੇ ਨਿਸ਼ਾਨ ਪੈਣ ਲੱਗਦੇ ਹਨ। ਅਜਿਹੇ 'ਚ ਸ਼ਕਰਕੰਦੀ ਖਾਣੀ ਬਹੁਤ ਫਾਇਦੇਮੰਦ ਹੈ। ਇਸ 'ਚ ਮੌਜੂਦ ਵੀਟਾ ਕੈਰੋਟੀਨ ਸਰੀਰ 'ਚ ਫ੍ਰੀ-ਰੈਡੀਕਲਸ ਨਾਲ ਲੜਦਾ ਹੈ, ਜਿਸ ਨਾਲ ਚਿਹਰੇ 'ਤੇ ਜਲਦੀ ਝੁਰੜੀਆਂ ਨਹੀਂ ਪੈਂਦੀਆਂ।

ਲਾਲ ਮਿਰਚ ਭਾਰ ਘੱਟ ਕਰਨ ਦੇ ਨਾਲ-ਨਾਲ ਹੋਰ ਬੀਮਾਰੀਆਂ ਲਈ ਬਹੁਤ ਫਾਇਦੇਮੰਦ ਹੈ

ਲਾਲ ਮਿਰਚ ਦਾ ਨਾਂ ਸੁਣਦੇ ਹੀ ਮੂੰਹ ਵਿੱਚ ਤਿੱਖਾਪਨ ਆ ਜਾਂਦਾ ਹੈ। ਇਹ ਭਾਵੇਂ ਤਿੱਖੀ ਹੁੰਦੀ ਹੈ ਪਰ ਇਸ ਤੋਂ ਬਿਨਾਂ ਖਾਣੇ ਦਾ ਸਵਾਦ ਵੀ ਨਹੀਂ ਆਉਂਦਾ। ਕੀ ਤੁਸੀਂ ਜਾਣਦੇ ਹੋ ਕਿ ਸਵਾਦ ਦੇ ਨਾਲ-ਨਾਲ ਇਸ ਦੇ ਸਿਹਤ ਸਬੰਧੀ ਵੀ ਬਹੁਤ ਸਾਰੇ ਫਾਇਦੇ ਹਨ ? ਲਾਲ ਮਿਰਚ ਵਿੱਚ ਅਜਿਹੇ ਕਈਂ ਉਪਯੋਗੀ ਤੱਤ ਪਾਏ ਜਾਂਦੇ ਹਨ, ਜਿਨ੍ਹਾਂ ਨਾਲ ਸਰੀਰ ਦਾ ਮੈਟਾਬਾਲਿਜ਼ਮ ਤੇਜ਼ ਹੁੰਦਾ ਹੈ ਅਤੇ ਵਾਧੂ ਫੈਟ ਵੀ ਨਹੀਂ ਬਣਦੀ। ਇਸ ਦਾ ਸੇਵਨ ਕਰਨ ਨਾਲ ਮਦਦ ਮਿਲਦੀ ਹੈ।

ਲਾਲ ਮਿਰਚ ਵਿੱਚ ਕੈਪਸੀਨ ਨਾਂ ਦਾ ਤੱਤ ਪਾਇਆ ਜਾਂਦਾ ਹੈ, ਜੋ ਕੈਂਸਰ ਤੋਂ ਰੋਕਥਾਮ ਵਿੱਚ ਬਹੁਤ ਫਾਇਦੇਮੰਦ ਹੁੰਦਾ ਹੈ। ਕੈਪਸੀਨ ਫੇਫੜੇ ਵਿੱਚ ਮੌਜੂਦ ਕੈਂਸਰ ਦੀਆਂ ਕੋਸ਼ਿਕਾਵਾਂ ਨੂੰ ਖਤਮ ਕਰ ਦਿੰਦਾ ਹੈ। ਅੱਖਾਂ ਵਿੱਚ ਦਰਦ ਹੋਵੇ ਜਾਂ ਕਿਸੇ ਕਾਰਨ ਅੱਖਾਂ ਲਾਲ ਹੋ ਜਾਣ ਤਾਂ ਲਾਲ ਮਿਰਚ ਪਾਊਫਰ ਵਿੱਚ ਥੋੜ੍ਹਾ ਜਿਹਾ ਪਾਣੀ ਮਿਲਾ ਕੇ ਪੇਸਟ ਬਣਾ ਲਉ। ਜੇ ਖੱਬੀ ਅੱਖ 'ਤੇ ਦਰਦ ਹੈ ਤਾਂ ਪੈਰ ਦੇ ਸੱਜੇ ਅੰਗੂਠੇ 'ਤੇ ਇਸ ਦਾ ਲੇਪ ਲਾ ਲਉ। ਇਹ ਲਾਉਣ ਤੋਂ 2 ਘੰਟੇ ਬਾਅਦ ਅੱਖ ਠੀਕ ਹੋ ਜਾਵੇਗੀ। ਸਰੀਰ 'ਤੇ ਕਿਸੇ ਵੀ ਤਰ੍ਹਾਂ ਦੀ ਐਲਰਜ਼ੀ ਜਿਵੇਂ ਦਾਦ ਜਾਂ ਖਾਰਿਸ਼ ਹੋ ਜਾਵੇ ਤਾਂ ਲਾਲ ਮਿਰਚ ਪਾਊਡਰ ਵਿੱਚ ਸਰ੍ਹੋਂ ਦਾ ਤੇਲ ਮਿਲਾ ਕੇ ਇਸ ਨੂੰ ਗਰਮ ਕਰ ਕੇ ਠੰਢਾ ਹੋਣ 'ਤੇ ਛਾਣ ਲਉ। ਇਸ ਤੋਂ ਬਾਅਦ ਇਸ ਨੂੰ ਖਾਰਿਸ਼ ਜਾਂ ਐਲਰਜ਼ੀ ਵਾਲੀ ਥਾਂ 'ਤੇ ਲਾਉ।

ਬੁਖਾਰ ਵਿੱਚ ਵੀ ਲਾਲ ਮਿਰਚ ਬਹੁਤ ਫਾਇਦੇਮੰਦ ਹੈ। ਨਿੰਮ ਦੇ ਪੱਤੇ, ਲਾਲ ਮਿਰਚ ਪਾਊਡਰ ਬਿਨਾਂ ਬੀਜ ਅਤੇ ਕਾਲੀ ਮਿਰਚ ਸਾਰੇ ਬਰਾਬਰ ਮਾਤਰਾ ਵਿੱਚ ਲੈ ਕੇ ਥੋੜ੍ਹੇ ਜਿਹੇ ਪਾਣੀ ਵਿੱਚ ਪੀਹ ਲਉ। ਇਸ ਦੀਆਂ ਛੋਟੀਆਂ-ਛੋਟੀਆਂ ਗੋਲੀਆਂ ਬਣਾ ਕੇ ਧੁੱਪ ਵਿੱਚ ਸੁਕਾ ਲਉ। ਇਸ ਨੂੰ ਰੋਜ਼ ਸਵੇਰੇ ਖਾਲੀ ਪੇਟ ਪਾਣੀ ਨਾਲ ਖਾਣ ਨਾਲ ਬੁਖਾਰ ਅਤੇ ਚਮੜੀ 'ਤੇ ਐਲਰਜ਼ੀ ਵਰਗੀਆਂ ਪ੍ਰੇਸ਼ਾਨੀਆਂ ਦੂਰ ਹੋ ਜਾਂਦੀਆਂ ਹਨ। ਲਾਲ ਮਿਰਚ ਵਿੱਚ ਫੋਲਿਕ ਐਸਿਡ ਭਰਪੂਰ ਮਾਤਰਾ ਵਿੱਚ ਹੁੰਦਾ ਹੈ। ਇਸ ਦੇ ਸੇਵਨ ਨਾਲ ਖੂਨ ਦੀ ਕਮੀ ਦੂਰ ਕੀਤੀ ਜਾ ਸਕਦੀ ਹੈ। ਵਾਲਾਂ ਦੇ ਝੜਨ ਤੋਂ ਪ੍ਰੇਸ਼ਾਨ ਹੋ ਤਾਂ ਖਾਣੇ ਵਿੱਚ ਲਾਲ ਮਿਰਚ ਦਾ ਸੇਵਨ ਕਰੋ। ਇਸ ਨਾਲ ਬਲੱਡ ਸਰਕੂਲੇਸ਼ਨ ਵਿੱਚ ਸੁਧਾਰ ਹੁੰਦਾ ਹੈ ਅਤੇ ਵਾਲਾਂ ਨੂੰ ਵਧਣ ਵਿੱਚ ਮਦਦ ਮਿਲਦੀ ਹੈ।

ਦਿਲ ਦੇ ਰੋਗੀ ਇਸਤੇਮਾਲ ਕਰਨ – ਅਲਸੀ ਦੇ ਬੀਜ

ਔਸ਼ਧੀ ਗੁਣਾਂ ਨਾਲ ਭਰਪੂਰ ਅਲਸੀ ਦੇ ਬੀਜ ਸਿਹਤ ਲਈ ਕਿਸੇ ਵਰਦਾਨ ਤੋਂ ਘੱਟ ਨਹੀਂ ਹੁੰਦੇ। ਇਸ ਦੀ ਵਰਤੋਂ ਵੱਖ-ਵੱਖ ਵਿਅੰਜਨਾਂ ਦੇ ਰੂਪ 'ਚ ਕੀਤੀ ਜਾਂਦੀ ਹੈ। ਇਸ 'ਚ ਮੌਜੂਦ ਫਾਈਬਰ, ਐਂਟੀਆਕਸੀਡੈਂਟ, ਵਿਟਾਮਿਨ ਬੀ, ਓਮੇਗਾ 3 ਫੈਟੀ ਐਸਿਡ, ਆਇਰਨ ਅਤੇ ਪ੍ਰੋਟੀਨ ਸਿਹਤ ਲਈ ਫਾਇਦੇਮੰਦ ਹੁੰਦੀ ਹੈ। ਦੋ ਚਮਚ ਅਲਸੀ ਦੇ ਬੀਜਾਂ ਨੂੰ ਦੋ ਕੱਪ ਪਾਣੀ 'ਚ ਰਲਾ ਕੇ ਗਰਮ ਕਰੋ ਅਤੇ ਅੱਧਾ ਰਹਿ ਜਾਣ ਤੱਕ ਉਬਾਲੋ। ਤਿਆਰ ਕਾੜ੍ਹਾ ਛਾਣ ਲਉ ਅਤੇ ਥੋੜ੍ਹਾ ਠੰਢਾ ਹੋਣ ਮਗਰੋਂ ਉਸ ਦਾ ਸੇਵਨ ਕਰੋ।

ਸ਼ੂਗਰ ਤੋਂ ਪੀੜਤ ਲੋਕਾਂ ਲਈ ਅਲਸੀ ਦਾ ਕਾੜ੍ਹਾ ਵਰਦਾਨ ਸਾਬਤ ਹੁੰਦਾ ਹੈ। ਸਵੇਰੇ ਖਾਲੀ ਪੇਟ ਕਾੜ੍ਹੇ ਦੀ ਵਰਤੋਂ ਕਰਨ ਨਾਲ ਸ਼ੂਗਰ ਕਾਬੂ 'ਚ ਰਹਿੰਦੀ ਹੈ।

ਸਵੇਰੇ ਖਾਲੀ ਪੇਟ ਅਲਸੀ ਦਾ ਇਕ ਕੱਪ ਕਾੜ੍ਹਾ ਹਾਇਪੋਥਾਇਰਾਇਡ ਅਤੇ ਹਾਇਪਰਥਾਇਰਾਇਡ ਦੋਹਾਂ ਹਾਲਾਤ 'ਚ ਫਾਇਦੇਮੰਦ ਹੈ।

ਰੋਜ਼ ਤਿੰਨ ਮਹੀਨੇ ਤੱਕ ਅਲਸੀ ਦਾ ਕਾੜ੍ਹਾ ਪੀਣ ਨਾਲ ਦਿਲ ਦੀਆਂ ਨਾੜਾਂ 'ਚ ਰੁਕਾਵਟ ਦੂਰ ਹੁੰਦੀ ਹੈ ਅਤੇ ਤੁਹਾਨੂੰ ਐਜਿਉਪਲਾਸਟੀ ਕਰਾਉਣ ਦੀ ਜ਼ਰੂਰਤ ਨਹੀਂ ਪੈਂਦੀ। ਇਸ 'ਚ ਫੈਟੀ ਐਸਿਡ ਅਤੇ ਅਲਫਾ ਲਿਨੋਲੇਨਿਕ ਐਸਿਡ ਵੀ ਪਾਇਆ ਜਾਂਦਾ ਹੈ ਜਿਸ ਨੂੰ ਓਮੇਗਾ-3 ਦੇ ਨਾਂ ਨਾਲ ਜਾਣਿਆ ਜਾਂਦਾ ਹੈ।

“ਪਾਣੀ ਦੀ ਗਿਰਾਵਟ ਪ੍ਰਤੀ ਲੋਕਾਂ ਨੂੰ ਜਾਗਰੂਕ ਕਰਨ ਵਾਸਤੇ ਫਸਲੀ-ਚੱਕਰਾਂ ਤੋਂ ਆਮਦਨ ਦੇ ਅਧਿਐਨ ਲਈ ਪੰਜਾਬ ਦੇ ਦੋ ਖਿੱਤੇ, ਜਿਨ੍ਹਾਂ ਦਾ ਫਸਲੀ ਚੱਕਰ ਇੱਕੋ ਜਿਹਾ ਹੈ ਪਰ ਪਾਣੀ ਦੇ ਪੱਧਰ ਦੇ ਮਾਮਲੇ ’ਚ ਦੋਵੇਂ ਖਿੱਤੇ ਇਕ ਦੂਜੇ ਤੋਂ ਬਿਲਕੁਲ ਉਲਟ ਹਨ, ਨੂੰ ਲਿਆ ਗਿਆ । ਸੰਗਰੂਰ ਅਤੇ ਬਰਨਾਲਾ ਜ਼ਿਲ੍ਹੇ ਦਾ ਅਧਿਐਨ ਕੀਤਾ ਗਿਆ । ਇਨ੍ਹਾਂ ਜ਼ਿਲ੍ਹਿਆਂ ’ਚ 2018 ਦੌਰਾਨ ਜ਼ਮੀਨਦੋਜ਼ ਪਾਣੀ ਦਾ ਪੱਧਰ ਸਭ ਤੋਂ ਨੀਂਵਾਂ ਸੀ, ਜੋ ਕ੍ਰਮਵਾਰ 32.4 ਮੀਟਰ ਅਤੇ 29.7 ਮੀਟਰ ਸੀ । ਦੋਵਾਂ ਜ਼ਿਲ੍ਹਿਆਂ ’ਚ 1998 ਤੋਂ 2018 ਤਕ ਦੇ ਸਾਲਾਂ ਦੌਰਾਨ ਪਾਣੀ ’ਚ ਗਿਰਾਵਟ ਦੀ ਸਾਲਾਨਾ ਦਰ ਵੀ ਸਭ ਤੋਂ ਜ਼ਿਆਦਾ ਸੀ । ਇਨ੍ਹਾਂ ਜ਼ਿਲ੍ਹਿਆਂ ਵਿਚ ਕਰੀਬ 90 ਫੀਸਦੀ ਰਕਬੇ ’ਚ ਝੋਨਾ ਬੀਜਿਆ ਜਾਂਦਾ ਹੈ । ਦੋਵਾਂ ਜ਼ਿਲ੍ਹਿਆਂ ਨੂੰ ’ਖਿੱਤਾ-1’ ਦਾ ਨਾਂ ਦਿੱਤਾ ਗਿਆ ਹੈ ।”

ਜ਼ਮੀਨ ਦੋਜ਼ ਪਾਣੀ ਭਵਿੱਖ ਲਈ ਫਿਕਰਮੰਦੀ ਜ਼ਰੂਰੀ

ਬਲਦੇਵ ਸਿਘ ਢਿਲੋਂ, ਰਾਜਕੁਮਾਰ

ਇਹ ਕਿਹੋ ਜਿਹੀ ਤ੍ਰਾਸਦੀ ਹੈ ਕਿ ਪੰਜਾਬ ਦਾ ਜਿਹੜਾ ਖਿੱਤਾ ਜ਼ਮੀਨਦੋਜ਼ ਪਾਣੀ ‘ਚ ਤੇਜ਼ੀ ਨਾਲ ਗਿਰਾਵਟ ਕਾਰਨ ਰੇਗਿਸਤਾਨ ਬਣਨ ਵਲ ਵਧ ਰਿਹਾ ਹੈ, ਉੱਥੇ ਝੋਨੇ ਦੀਆਂ ਵੱਧ ਸਮਾਂ ਲੈਣ ਵਾਲੀਆਂ ਕਿਸਮਾਂ ਦੀ ਬਿਜਾਈ ਵੱਧ ਰਕਬੇ ‘ਚ ਕੀਤੀ ਜਾਂਦੀ ਹੈ । ਇਨ੍ਹਾਂ ਕਿਸਮਾਂ ਦੀ ਅਰੋਤੀ ਬਿਜਾਈ ਦਾ ਰੁਝਾਨ ਵੀ ਇਸ ਇਲਾਕੇ ਵਿੱਚ ਪਾਇਆ ਜਾਂਦਾ ਹੈ । ‘ਸੈਂਟਰਲ ਗਰਾਊਡ ਵਾਟਰ ਬੋਰਡ’ ਅਤੇ ‘ਵਾਟਰ ਰਿਸੋਰਸਿਜ਼ ਐਂਡ ਐਨਵਾਇਰਨਮੈਂਟ ਡਾਇਰੈਕਟੋਰੇਟ’ ਪੰਜਾਬ ਦੀ ਰਿਪੋਰਟ ਅਨੁਸਾਰ ਜੇ ਪਾਣੀ ਦੀ ਨਿਕਾਸੀ ਇਸੇ ਤਰ੍ਹਾਂ ਜਾਰੀ ਰਹੀ ਤਾਂ ਪਾਣੀ ਦਾ ਮੌਜੂਦਾ ਭੰਡਾਰ 20-25 ਸਾਲਾਂ ‘ਚ ਖਤਮ ਹੋ ਜਾਵੇਗਾ । ਜ਼ਮੀਨਦੋਜ਼ ਪਾਣੀ ਦੇ ਪਧਰ ‘ਚ ਗਿਰਾਵਟ ਵਿੱਚ ਸਮੁੱਚੀਆਂ ਫਸਲਾਂ ਵਿੱਚ ਝੋਨਾ ਸਭ ਤੋਂ ਵੱਡਾ ਕਾਰਨ ਹੈ ।

ਸੋਮੇ ਦਆ ਤੇ ਲੱਗੇ : ਦੇਸ਼ ‘ਚ ਆਨਾਜ ਦੀ ਕਮੀਂ ਦੂਰ ਕਰਨ ਲਈ 1960 ਦੇ ਦਹਾਕੇ ਵਿੱਚ ਕਣਕ-ਝੋਨੇ ਦੀਆਂ ਵੱਧ ਝਾੜ ਵਾਲੀਆਂ ਕਿਸਮਾਂ ਅਤੇ ਇਨ੍ਹਾਂ ਦੀ ਉਤਪਾਦਨ ਤਕਨਾਲੋਜੀ ਦਾ ਵਿਕਾਸ ਹੋਇਆ । ਸਰਕਾਰ ਵੱਲੋਂ ਇਨ੍ਹਾਂ ਫਸਲਾਂ ਦਾ ਐੱਮ ਐਸ ਪੀ ਨਿਰਧਾਰਤ ਕੀਤੇ ਜਾਣ ਦੇ ਨਾਲ ਇਨ੍ਹਾਂ ਦੀ ਖਰੀਦ ਨੂੰ ਯਕੀਨੀ ਬਣਾਏ ਜਾਣ ਵਰਗੀਆਂ ਅਹਿਮ ਨੀਤੀ ਬਣਾਈਆਂ ਗਈਆਂ । ਨਤੀਜੇ ਵਜੋਂ 1965-66 ਤੋਂ 2017-18 ਦੌਰਾਨ ਪੰਜਾਬ ‘ਚ ਝੋਨੇ ਹੇਠ ਰਕਬਾ 10.5 ਗੁਣਾਂ ਵੱਧ ਗਿਆ । ਇਹ ਰਕਬਾ 2.93 ਤੋਂ ਵੱਧ ਕੇ 30.65 ਲੱਖ ਹੈਕਟੇਅਰ ਹੋ ਗਿਆ ਅਤੇ ਉਤਪਾਦਨ ‘ਚ 45.5 ਗੁਣਾਂ ਵਾਧਾ ਹੋਇਆ । ਪਹਿਲਾਂ ਉਤਪਾਦਨ 4.39 ਸੀ, ਜੋ ਇਨ੍ਹਾਂ ਉਪਰਾਲਿਆਂ ਨਾਲ ਵੱਧ ਕੇ 199.72 ਲੱਖ ਟਨ ਹੋ ਗਿਆ । ਸਿੰਜਾਈ ਸਹੂਲਤਾਂ ਵਧਣ ਨਾਲ ਪੰਜਾਬ ‘ਚ ਟਿਊਬਵੈਲਾਂ ਦੀ ਗਿਣਤੀ 26 ਹਜ਼ਾਰ ਤੋਂ ਵਧ ਕੇ 14.76 ਲੱਖ ਹੋ ਗਈ । ਇਸ ਨਾਲ ਖੇਤੀ ਘਣਤਾ 129 ਫੀਸਦੀ ਤੋਂ ਵੱਧ ਕੇ 204 ਫੀਸਦੀ ਹੋ ਗਈ । ਇਸ ਨਾਲ ਜਿੱਥੇ ਭੋਜਨ ਸੁਰੱਖਿਆ ਦਾ ਮਸਲਾ ਹੱਲ ਹੋਇਆ, ਉਥੇ ਦੇਸ਼ ਹੋਰਨਾਂ ਮੁਲਕਾਂ ਨੂੰ ਅੰਨ ਬਰਾਮਦ ਕਰਨ ਦੇ ਯੋਗ ਹੋਇਆ, ਪਰ ਇਸ ਨਾਲ ਪੰਜਾਬ ਦੇ ਕੁਦਰਤੀ ਸੋਮੇ ਦਆ ‘ਤੇ ਲੱਗ ਗਏ, ਜਿਨ੍ਹਾਂ ਵਿਚੋਂ ਗੰਭੀਰ ਮਸਲਾ ਜ਼ਮੀਨਦੋਜ਼ ਪਾਣੀ ਦੇ ਪੱਧਰ ‘ਚ ਗਿਰਾਵਟ ਦਾ ਹੈ ।

ਫਸਲੀ ਚੱਕਰਾਂ ਦਾ ਅਧਿਐਨ : ਪਾਣੀ ਦੀ ਗਿਰਾਵਟ ਪ੍ਰਤੀ ਲੋਕਾਂ ਨੂੰ ਜਾਗਰੂਕ ਕਰਨ ਵਾਸਤੇ ਫਸਲੀ-ਚੱਕਰਾਂ ਤੋਂ ਆਮਦਨ ਦੇ ਅਧਿਐਨ ਲਈ ਪੰਜਾਬ ਦੇ ਦੋ ਖਿੱਤੇ, ਜਿਨ੍ਹਾਂ ਦਾ ਫਸਲੀ ਚੱਕਰ ਇੱਕੋ ਜਿਹਾ ਹੈ ਪਰ ਪਾਣੀ ਦੇ ਪੱਧਰ ਦੇ ਮਾਮਲੇ ‘ਚ ਦੋਵੇਂ ਖਿੱਤੇ ਇਕ ਦੂਜੇ ਤੋਂ ਬਿਲਕੁਲ ਉਲਟ ਹਨ, ਨੂੰ ਲਿਆ ਗਿਆ । ਸੰਗਰੂਰ ਅਤੇ ਬਰਨਾਲਾ ਜ਼ਿਲ੍ਹੇ ਦਾ ਅਧਿਐਨ ਕੀਤਾ ਗਿਆ । ਇਨ੍ਹਾਂ ਜ਼ਿਲ੍ਹਿਆਂ ‘ਚ 2018 ਦੌਰਾਨ ਜ਼ਮੀਨਦੋਜ਼ ਪਾਣੀ ਦਾ ਪੱਧਰ ਸਭ ਤੋਂ ਨੀਂਵਾਂ ਸੀ, ਜੋ ਕ੍ਰਮਵਾਰ 32.4 ਮੀਟਰ ਅਤੇ 29.7 ਮੀਟਰ ਸੀ । ਦੋਵਾਂ ਜ਼ਿਲ੍ਹਿਆਂ ‘ਚ 1998 ਤੋਂ 2018 ਤਕ ਦੇ ਸਾਲਾਂ ਦੌਰਾਨ ਪਾਣੀ ‘ਚ ਗਿਰਾਵਟ ਦੀ ਸਾਲਾਨਾ ਦਰ ਵੀ ਸਭ ਤੋਂ ਜ਼ਿਆਦਾ ਸੀ । ਇਨ੍ਹਾਂ ਜ਼ਿਲ੍ਹਿਆਂ ਵਿਚ ਕਰੀਬ 90 ਫੀਸਦੀ ਰਕਬੇ ‘ਚ ਝੋਨਾ ਬੀਜਿਆ ਜਾਂਦਾ ਹੈ । ਦੋਵਾਂ ਜ਼ਿਲ੍ਹਿਆਂ ਨੂੰ ‘ਖਿੱਤਾ-1’ ਦਾ ਨਾਂ ਦਿੱਤਾ ਗਿਆ ਹੈ । ਤੁਲਨਾਤਮਕ ਵਿਸ਼ਲੇਸ਼ਣ ਲਈ ਇੱਕੋ ਜਿਹੀ ਸਥਿਤੀ ਵਾਲੇ ਦੋ ਹੋਰ ਜ਼ਿਲ੍ਹੇ ਅੰਮ੍ਰਿਤਸਰ ਅਤੇ ਤਰਨਤਾਰਨ ‘ਖਿੱਤਾ-2’ ਵਜੋਂ ਲਏ ਗਏ, ਜਿੱਥੇ ਝੋਨੇ ਹੇਠ ਰਕਬਾ 92 ਫੀਸਦੀ ਤੇ ਕਰੀਬ ਹੈ । ਦੋਵਾਂ ਖਿੱਤਿਆਂ ‘ਚ ਖੇਤੀ ਦੇ ਹਾਲਾਤ ਮਿਲਦੇ ਜੁਲਦੇ ਹਨ ਪਰ ਪਾਣੀ ਦੀ ਸਥਿਤੀ ਬਿਲਕੁਲ ਉਲਟ ਹੈ । ਖਿੱਤਾ-2 ਵਿੱਚ ਪਾਣੀ ‘ਚ ਗਿਰਾਵਟ ਦੀ ਦਰ 43 ਤੋਂ 57 ਸੈਂਟੀਮੀਟਰ ਹੈ ਜਦੋਂ ਕਿ ਖਿੱਤਾ-1 ਵਿੱਚ ਇਹ ਦਰ 103 ਤੋਂ 107 ਸੈਂਟੀਮੀਟਰ ਹੈ ।

ਕਿਸਮਾਂ ਦੀ ਬਿਜਾਈ : ਉਕਤ ਦੋਵਾਂ ਖਿੱਤਿਆਂ ਵਿੱਚ ਝੋਨਾ ਅਤੇ ਕਣਕ ਸਾਉਣੀ ਅਤੇ ਹਾੜੀ ਦੀਆਂ ਮੁੱਖ ਫਸਲਾਂ ਹਨ, ਜਿਨ੍ਹਾਂ ਹੇਠ ਕਰੀਬ 90 ਫੀਸਦੀ ਰਕਬਾ ਹੈ । ਸਾਉਣੀ ਵਿੱਚ ਬਾਸਮਤੀ ਦੀ ਕਾਸ਼ਤ ਖਿੱਤਾ-1 (ਸੰਗਰੂਰ-ਬਰਨਾਲਾ) ‘ਚ ਲਗਭਗ 80% ਰਕਬੇ ਵਿਚ ਅਤੇ ਖਿੱਤਾ-2 (ਅੰਮ੍ਰਿਤਸਰ ਅਤੇ ਤਰਨਤਾਰਨ) ‘ਚ 61 ਫੀਸਦੀ ਰਕਬੇ ‘ਚ ਕੀਤੀ ਜਾਂਦੀ ਹੈ । ਕਣਕ ਅਤੇ ਬਾਸਮਤੀ ਦੀਆਂ ਵੱਖ-ਵੱਖ ਕਿਸਮਾਂ ਹੇਠ ਦੋਵਾਂ ਖਿੱਤਿਆਂ ‘ਚ ਇੱਕੋ ਜਿਹਾ ਰਕਬਾ ਹੈ । ਪਰ ਪਰਮਲ ਵਿੱਚ ਸਥਿਤੀ ਉਲਟ ਹੈ । ਖਿੱਤਾ-1 ਵਿੱਚ ਲੰਬਾ ਸਮਾਂ ਲੈਣ ਵਾਲੀਆਂ ਕਿਸਮਾਂ (ਪੂਸਾ-44, ਪੀਲੀ ਪੂਸਾ) ਹੇਠ 58 ਫੀਸਦੀ ਰਕਬਾ ਹੈ ਅਤੇ ਘੱਟ ਸਮੇਂ ਵਾਲੀਆਂ ਕਿਸਮਾਂ (ਪੀ ਆਰ-121, ਪੀ ਆਰ-126 ਅਤੇ ਪੀ ਆਰ-124) ਹੇਠ ਸਿਰਫ 19 ਫੀਸਦੀ ਰਕਬਾ ਹੈ । ਇਸ ਤੋਂ ਉਲਟ ਖਿੱਤਾ-2 ਲਗਭਗ 69 ਫੀਸਦੀ ਰਕਬਾ ਪਰਮਲ ਦੀਆਂ ਘੱਟ ਸਮੇਂ ‘ਚ ਪੱਕਣ ਵਾਲੀਆਂ ਕਿਸਮਾਂ ਅਤੇ 0.4 ਫੀਸਦੀ ਪੂਸਾ-44 ਹੇਠ ਹੈ ਜਦੋਂ ਕਿ ਬਾਕੀ ਰਕਬਾ ਪੀ ਆਰ-122, ਪੀ ਆਰ-127 ਅਤੇ ਪੀ ਆਰ-114 ਆਦਿ ਦੇ ਹੇਠ ਹੈ । ਪੂਸਾ-44 ਅਤੇ ਪੀਲੀ ਪੂਸਾ ਕਿਸਮਾਂ ਪੱਕਣ ਤੱਕ ਕ੍ਰਮਵਾਰ 160 ਅਤੇ 167 ਦਿਨ ਲੈਂਦੀਆਂ ਹਨ । ਘੱਟ ਸਮਾਂ ਲੈਣ ਵਾਲੀਆਂ ਕਿਸਮਾਂ ਪੀ ਆਰ-121 ਅਤੇ ਪੀ ਆਰ-126 ਕ੍ਰਮਵਾਰ 140 ਅਤੇ 123 ਦਿਨ ‘ਚ ਪੱਕਦੀਆਂ ਹਨ । ਪੀ ਆਰ-124 ਕਿਸਮ ਪੱਕਣ ਲਈ 135 ਦਿਨ ਲੈਂਦੀ ਹੈ । ਇਨ੍ਹਾਂ ਕਿਸਮਾਂ ਨੂੰ ਪੂਸਾ-44 ਦੇ ਮੁਕਾਬਲੇ 15-25 ਫੀਸਦੀ ਘੱਟ ਪਾਣੀ ਦੀ ਲੋੜ ਪੈਂਦੀ ਹੈ । ਸਪਰੇਅ ਅਤੇ ਲੇਬਰ ਦਾ ਖਰਚਾ ਦੀ ਘੱਟ ਆਉਂਦਾ ਹੈ ।

ਨੁਕਸਾਨਦੇਹ ਹਨ--ਲੰਬੇ ਸਮੇਂ ਵਾਲੀਆਂ ਕਿਸਮਾਂ : ਹੋ ਸਕਦਾ ਹੈ ਕਿ ਖਿੱਤਾ-1 ਵਿੱਚ ਕਿਸਾਨ ਵੱਧ ਝਾੜ ਲੈਣ ਲਈ ਲੰਬੇ ਸਮੇਂ ਵਾਲੀਆਂ ਕਿਸਮਾਂ ਬੀਜਦੇ ਹੋਣ । ਪੀ ਆਰ-121, ਪੀ ਆਰ-126 ਅਤੇ ਪੀ ਆਰ-124 ਵਰਗੀਆਂ ਘੱਟ ਸਮਾਂ ਲੈਣ ਵਾਲੀਆਂ ਕਿਸਮਾਂ ਦਾ ਝਾੜ ਪੂਸਾ-44 ਦੇ ਝਾੜ ਨਾਲੋਂ ਕੁਝ ਘੱਟ ਹੋਣ ਦੇ ਬਾਵਜੂਦ ਇਨ੍ਹਾਂ ਤੋਂ ਹੋਣ ਵਾਲੀਆਂ ਨਿਰੋਲ ਆਮਦਨ ‘ਚ ਕੋਈ ਖਾਸ ਫਰਕ ਨਹੀਂ ਹੈ । ਲੰਬਾ ਸਮਾਂ ਲੈਣ ਵਾਲੀਆਂ ਕਿਸਮਾਂ ਦੀ ਕਾਸ਼ਤ ਕਰਨ ਵਾਲੇ ਕਿਸਾਨਾਂ ਨੂੰ ਪਾਣੀ ਦੇ ਬੋਰ ਹੋਰ ਡੂੰਘੇ ਕਰਨ ਤੇ ਸਬਮਰਸੀਬਲ ਪੰਪ ਲਗਾਉਣ ‘ਤੇ ਬਹੁਤ ਜ਼ਿਆਦਾ ਖਰਚੇ ਕਰਨੇ ਪੈਂਦੇ ਹਨ । ਭਾਵੇਂ ਕਿਸਾਨਾਂ ਨੂੰ ਬਿਜਲੀ ਦੀ ਵਰਤੋਂ ‘ਤੇ ਕੋਈ ਖਰਚ ਨਹੀਂ ਲੱਗਦਾ ਪਰ ਇਹ ਵੱਡਾ ਭਾਰ ਆਖਰ ਸੂਬਾ ਸਰਕਾਰ ਦੇ ਮੋਢਿਆਂ ‘ਤੇ ਪੈਂਦਾ ਹੈ । ਮਹੱਤਵਪੂਰਨ ਗੱਲ ਇਹ ਹੈ ਕਿ ਇਸ ਤਰ੍ਹਾਂ ਤੇਜ਼ੀ ਨਾਲ ਖਤਮ ਹੋ ਰਹੇ ਪਾਣੀ ਦੇ ਭੰਡਾਰ ਨੂੰ ਜਲਦੀ ਕੀਤਿਆਂ ਭਵਿੱਖ ਵਿੱਚ ਪੂਰਾ ਵੀ ਨਹੀਂ ਕੀਤਾ ਜਾ ਸਕੇਗਾ ।

ਘੱਟ ਸਮਾਂ ਲੈਣ ਵਾਲੀਆਂ ਕਿਸਮਾਂ : ਝੋਨੇ ਦੀਆਂ ਘੱਟ ਸਮਾਂ ਲੈਣ ਵਾਲੀਆਂ ਕਿਸਮਾਂ ਦਾ ਪਰਾਲ ਘੱਟ ਹੋਣ ਕਰਕੇ ਇਸ ਦਾ ਪ੍ਰਬੰਧ ਲੰਬਾ ਸਮਾਂ ਲੈਣ ਵਾਲੀਆਂ ਕਿਸਮਾਂ ਦੇ ਮੁਕਾਬਲੇ ਸੁਖਾਲਾ ਹੈ । ਇਨ੍ਹਾਂ ਦੀ ਕਾਸ਼ਤ ਨਾਲ ਖੇਤ ਜਲਦੀ ਵਿਹਲਾ ਹੋਣ ਕਾਰਨ ਝੋਨੇ ਦੀ ਕਟਾਈ ਅਤੇ ਕਣਕ ਦੀ ਬਿਜਾਈ ਵਿਚਲਾ ਸਮਾਂ ਕਾਫੀ ਵੱਧ ਜਾਂਦਾ ਹੈ । ਦਿਲਚਸਪ ਗੱਲ ਇਹ ਹੈ ਕਿ ਖਿੱਤਾ-1 ਵਿੱਚ ਕਣਕ ਤੇ ਝੋਨੇ ਦਾ ਝਾੜ ਖਿੱਤਾ-2 ਦੇ ਮੁਕਾਬਲੇ 576 ਤੋਂ 758 ਕਿੱਲੋ ਪ੍ਰਤੀ ਹੈਕਟੇਅਰ ਜ਼ਿਆਦਾ ਹੈ । ਇਸ ਲਈ ਵੱਧ ਝਾੜ ਦਾ ਅਸਲ ਕਾਰਨ ਇਸ ਖਿੱਤੇ ‘ਚ ਫਸਲਾਂ ਲਈ ਅਨੁਕੂਲ ਹਾਲਾਤ ਦਾ ਹੋਣਾ ਹੈ । ਝਾੜ ਸਬੰਧੀ ਅੰਕੜੇ ਦਰਸਾਉਂਦੇ ਹਨ ਕਿ ਖਿੱਤਾ-1 ਵਿੱਚ ਜੇ ਝੋਨੇ ਦੀਆਂ ਲੰਬੇ ਸਮੇਂ ਦੀ ਬਜਾਏ ਘੱਟ ਸਮਾਂ ਲੈਣ ਵਾਲੀਆਂ ਕਿਸਮਾਂ ਬੀਜੀਆਂ ਜਾਣ ਤਾਂ ਵੀ ਇਸ ਦੀ ਆਮਦਨ ਖਿੱਤਾ-2 ਤੋਂ ਜ਼ਿਆਦਾ ਹੋਵੇਗੀ ।

ਜ਼ਰੂਰੀ ਹੈ ਸੋਮਿਆਂ ਦੀ ਸੰਭਾਲ : ਉਕਤ ਤੱਥਾਂ ਤੋਂ ਇਹ ਗੱਲ ਉੱਭਰ ਕੇ ਸਾਹਮਣੇ ਆਉਂਦੀ ਹੈ ਕਿ ਖਿੱਤਾ-1 ‘ਚ ਪਾਣੀ ਦੇ ਸੋਮਿਆਂ ਨੂੰ ਬਚਾਉਣ ਦੀ ਗੰਭੀਰ ਲੋੜ ਹੈ । ਪਤਾ ਨਹੀਂ ਕਿਉਂ ਖਿੱਤਾ-1 ਦੇ ਕਿਸਾਨ ਲੰਬਾ ਸਮਾਂ ਲੈਣ ਵਾਲੀਆਂ ਕਿਸਮਾਂ ਹੀ ਬੀਜਣੀਆਂ ਚਾਹੁੰਦੇ ਹਨ ਅਤੇ ਇਨ੍ਹਾਂ ਦੀ ਅਰੋਤੀ ਲੁਆਈ ‘ਤੇ ਜ਼ੋਰ ਦੇ ਰਹੇ ਹਨ । ਪੰਜਾਬ ਦੇ ਲੋਕਾਂ ਤੇ ਖਾਸ ਕਰਕੇ ਇਸ ਖਿੱਤੇ ਦੇ ਨੀਤੀ ਘੜਿਆਂ ਨੂੰ ਵੀ ਇਹ ਸਮਝਣਾ ਚਾਹੀਦਾ ਹੈ ਕਿ ਜੇ ਇਸ ਖਿੱਤੇ ਨੂੰ ਹਰਿਆ-ਭਰਿਆ ਰੱਖਣਾ ਹੈ ਤਾਂ ਇੱਥੋਂ ਦੇ ਜਲ ਸੋਮਿਆਂ ਨੂੰ ਬਚਾ ਕੇ ਰੱਖਣਾ ਸਭ ਦੀ ਜ਼ਿੰਮੇਵਾਰੀ ਹੈ । ਅੱਜ ਇਸ ਖਿੱਤੇ ਵਿੱਚ ਜ਼ਮੀਨਦੋਜ਼ ਪਾਣੀ ਖਤਰਨਾਕ ਦਰ ਨਾਲ ਹੇਠਾਂ ਜਾ ਰਿਹਾ ਹੈ । ਇਸ ਲਈ ਕਿਸਾਨਾਂ ਨੂੰ ਲਗਾਤਾਰ ਚੇਤੰਨ ਰਹਿਣਾ ਪਏਗਾ, ਨਹੀਂ ਤਾਂ ਇਹ ਖਿੱਤਾ ਰੇਗਿਸਤਾਨ ਬਣਨ ਲੱਗਿਆਂ ਦੇਰ ਨਹੀਂ ਲਵੇਗਾ । ਇਹ ਵੀ ਧਿਆਨਯੋਗ ਹੈ ਕਿ ਪੰਜਾਬ ‘ਚ ਸਭ ਤੋਂ ਜ਼ਿਆਦਾ ਕਿਸਾਨ ਇਸ ਖਿੱਤੇ ਵਿੱਚ ਖੁਦਕੁਸ਼ੀ ਕਰ ਰਹੇ ਹਨ । ਇੱਥੇ ਜ਼ਾਹਿਰ ਹੈ ਕਿ ਨਿਰੋਲ ਆਮਦਨ ਦੀ ਖਿੱਤਾ-1 ਦੀ ਜ਼ਿਆਦਾ ਹੋਵੇਗੀ । ਖਿੱਤਾ-1 ਵਿੱਚ ਫਸਲਾਂ ਤੋਂ ਪ੍ਰਤੀ ਹੈਕਟੇਅਰ ਸਾਲਾਨਾ ਆਮਦਨ ਖਿੱਤਾ-2 ਨਾਲੋਂ 20 ਹਜ਼ਾਰ ਰੁਪਏ ਤੋਂ ਜ਼ਿਆਦਾ ਹੈ । ਇੱਥੇ ਇਹ ਭੁਲੇਖਾ ਲੱਗ ਸਕਦਾ ਹੈ ਕਿ ਖਿੱਤਾ-1 ਵਿੱਚ ਲੰਬਾ ਸਮਾਂ ਲੈਣ ਵਾਲੀਆਂ ਕਿਸਮਾਂ ਦੀ ਕਾਸ਼ਤ ਕਾਰਨ ਝਾੜ ਵੱਧ ਹੈ ਪਰ ਕਣਕ ਅਤੇ ਬਾਸਮਤੀ ਦਾ ਝਾੜ ਵੀ ਇੱਥੇ ਹੀ ਜ਼ਿਆਦਾ ਹੈ ਜਦੋਂ ਕਿ ਦੋਵਾਂ ਖਿੱਤਿਆਂ ‘ਚ ਇਨ੍ਹਾਂ ਦੀਆਂ ਕਿਸਮਾਂ ‘ਚ ਖਾਸ ਅੰਤਰ ਨਹੀਂ ਪਣਪ ਰਹੇ ਵਿੱਤੀ ਅਤੇ ਸਮਾਜਿਕ ਸੰਕਟ ਵੱਲ ਵੀ ਧਿਆਨ ਦੇਣ ਦੀ ਲੋੜ ਹੈ । ਕੁਦਰਤੀ ਸੋਰੋਤਾਂ ਨੂੰ ਬਚਾਉਣਾ ਹਰ ਇਕ ਦਾ ਫਰਜ਼ ਹੈ ਤਾਂ ਜੋ ਆਉਣ ਵਾਲੀਆਂ ਨਸਲਾਂ ਲਈ ਪਾਣੀ ਨੂੰ ਬਚਾਇਆ ਜਾ ਸਕੇ । ਜੇ ਅਸੀਂ ਇਸੇ ਤਰ੍ਹਾਂ ਪਾਣੀ ਦੀ ਬੇ-ਕਿਰਕ ਵਰਤੋਂ ਜਾਰੀ ਰੱਖੀ ਤਾਂ ਪੰਜਾਬ ਦਾ ਪਾਣੀ ਅਗਲੇ 20-25 ਸਾਨਾਂ ਵਿੱਚ ਖਤਮ ਹੋ ਜਾਵੇਗਾ । ਸਾਰਿਆਂ ਨੂੰ ਮਿਲ ਕੇ ਇਸ ਗੰਭੀਰ ਮਸਲੇ ਦੇ ਹੱਲ ਲਈ ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ । ❑

ਪਾਣੀ ਦੀ ਬੱਚਤ ’ਚ ਸਹਾਈ ਤਕਨੀਕਾਂ

ਪਾਣੀ ਦੇ ਪੱਧਰ ‘ਚ ਗਿਰਾਵਟ ਨਾਲ ਨਜਿੱਠਣ ਲਈ ਝੋਨੇ ਦੀਆਂ ਘੱਟ ਸਮਾਂ ਲੈਣ ਵਾਲੀਆਂ ਕਿਸਮਾਂ ਦੀ ਖੋਜ ਦੇ ਨਾਲ-ਨਾਲ ਕੰਪਿਊਟਰ ਵਾਲਾ ਕਰਾਹਾ, ਝੋਨੇ ਦੀ ਵੱਟਾਂ ਜਾਂ ਖੇਲੀਆਂ ‘ਤੇ ਬਿਜਾਈ, ਸਿੱਧੀ ਬਿਜਾਈ, ਤੁਪਕਾ ਸਿੰਚਾਈ ਪ੍ਰਣਾਲੀ ਆਦਿ ਤਕਨੀਕਾਂ ਵਿਕਸਿਤ ਕੀਤੀਆਂ ਗਈਆਂ । ਸੂਬਾ ਸਰਕਾਰ ਵੱਲੋਂ ਝੋਨੇ ਦੀ ਲੁਆਈ ਇਕ ਖਾਸ ਮਿਤੀ ਤੋਂ ਬਾਅਦ ਕੀਤੇ ਜਾਣ ਨੂੰ ਯਕੀਨੀ ਬਣਾਉਣ ਲਈ ਸਾਲ 2008-09 ਵਿੱਚ ਇਕ ਐਕਟ ਪਾਸ ਕੀਤਾ ਗਿਆ ਤਾਂ ਜੋ ਧਰਤੀ ਹੇਠਲੇ ਪਾਣੀ ਦੀ ਬੇਲੋੜੀ ਖਪਤ ਨੂੰ ਰੋਕਿਆ ਜਾ ਸਕੇ । ਇਨ੍ਹਾਂ ਯਤਨਾਂ ਨਾਲ ਪਾਣੀ ‘ਚ ਗਿਰਾਵਟ ਦੀ ਰਫਤਾਰ ਤਾਂ ਘਟੀ ਪਰ ਇਸ ਉੱਪਰ ਪੂਰੀ ਤਰ੍ਹਾਂ ਰੋਕ ਨਹੀਂ ਲੱਗ ਸਕੀ ।

ਪੰਜਾਬ ਦੀ ਖੇਤੀ ਆਰਥਿਕਤਾ ਤੇ ਕਰੋਨਾ ਕਹਿਰ

ਬਲਦੇਵ ਸਿੰਘ ਢਿੱਲੋਂ, ਵਾਈਸ ਚਾਂਸਲਰ, ਪੰਜਾਬ ਐਗਰੀਕਲਚਰਲ ਯੂਨੀਵਰਸਿਟੀ
ਕਮਲ ਵੱਤਾ, ਪ੍ਰੋਫੈਸਰ ਅਤੇ ਮੁੱਖੀ, ਆਰਥਿਕ ਅਤੇ ਸਮਾਜ ਵਿਗਿਆਨ, ਪੀ ਏ ਯੂ

ਕਰੋਨਾ ਵਾਇਰਸ ਦੇ ਪ੍ਰਕੋਪ ਨੇ ਕੁਝ ਹੀ ਸਮੇਂ ਵਿੱਚ ਲੱਖਾਂ ਲੋਕਾਂ ਨੂੰ ਆਪਣੇ ਕਲਾਵੇ ਵਿੱਚ ਲੈ ਕੇ ਸੰਸਾਰ ਦੀ ਆਰਥਿਕਤਾ ਦੀਆਂ ਚੂਲਾਂ ਹਿਲਾ ਦਿੱਤੀਆਂ ਹਨ। ਪੰਜਾਬ ਜੋ ਕਿ ਹਮੇਸ਼ਾਂ ਦੇਸ਼ ਦੇ ਅੰਨ ਭੰਡਾਰ ਦੀ ਪੂਰਤੀ ਅਤੇ ਦੇਸ਼ ਦੇ ਵਸਨੀਕਾਂ ਦਾ ਅਨਾਜ ਨਾਲ ਢਿੱਡ ਭਰਨ ਵਿੱਚ ਮੋਹਰੀ ਰਿਹਾ ਹੈ, ਇਸ ਮਹਾਂਮਾਰੀ ਕਾਰਨ ਕਈ ਗੁੰਝਲਦਾਰ ਸਮੱਸਿਆਵਾਂ ਨਾਲ ਘਿਰਿਆ ਹੈ। ਖੇਤੀ ਸਬੰਧੀ ਮੰਡੀਕਰਨ ਵਿੱਚ ਪਏ ਵਿਘਨ ਅਤੇ ਸਪਲਾਈ ਲੜੀ ਦੇ ਟੁੱਟਣ ਦੀ ਵਜ੍ਹਾ ਨਾਲ ਜਿੱਥੇ ਲੋਕਾਂ ਦਾ ਜੀਵਨ-ਨਿਰਬਾਹ ਖਤਰੇ ਵਿੱਚ ਹੈ, ਉੱਥੇ ਹੀ ਆਮਦਨ ਦੇ ਸਾਧਨ ਅਤੇ ਰੁਜ਼ਗਾਰ ਦੇ ਮੌਕੇ ਖੁੱਸਣ ਵਰਗੀ ਘਾਤਕ ਹਾਲਤ ਵੀ ਦਰਪੇਸ਼ ਹੈ।

ਮੌਜੂਦਾ ਸੰਕਟ ਨੇ ਫੌਰੀ ਤੌਰ ਕੇ ਕਣਕ ਦੀ ਵਾਢੀ ਦੇ ਸੀਜ਼ਨ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ। ਵਾਇਰਸ ਨੂੰ ਧਿਆਨ 'ਚ ਰੱਖਦੇ ਹੋਏ ਕਣਕ ਦੇ ਮੰਡੀਕਰਨ ਲਈ ਲੜੀਵਾਰ ਤਰੀਕੇ ਨਾਲ ਫਸਲ ਨੂੰ ਮੰਡੀਆਂ ਤੱਕ ਲਿਆਉਣ ਦੇ ਉਪਰਾਲੇ ਕੀਤੇ ਗਏ ਹਨ। ਜੋ ਕਿ ਇਸ ਸੰਕਟ ਸਮੇਂ ਬਿਲਕੁਲ ਸਹੀ ਉਪਰਾਲਾ ਹੈ। ਲੇਬਰ ਦੀ ਕੁਝ ਕਮੀ ਹੈ ਪਰ ਖੁਸ਼ੀ ਦੀ ਗੱਲ ਹੈ ਕਿ ਇਨ੍ਹੀਂ ਦਿਨੀਂ ਹੋਰਨਾਂ ਖੇਤਰਾਂ 'ਚੋਂ ਵਿਹਲੀ ਹੋਈ ਸਥਾਨਕ ਲੇਬਰ ਤੇ ਪਰਿਵਾਰਕ ਲੇਬਰ ਦੇ ਸਹਿਯੋਗ ਨਾਲ ਇਸ ਚੁਣੌਤੀ ਦਾ ਸਾਹਮਣਾ ਕੀਤਾ ਗਿਆ। ਇਸ ਸਮੇਂ ਦੌਰਾਨ ਕਿਰਤ ਦੇ ਰੇਟ ਵੱਧਣ ਦੀ ਸੰਭਾਵਨਾ ਹੈ, ਜਿਸ ਕਰਕੇ ਭਵਿੱਖ ਵਿੱਚ ਦਿਹਾੜੀਦਾਰ ਕਾਮਿਆਂ ਦਾ ਰੁਝਾਨ ਵੀ ਖੇਤੀ ਸੈਕਟਰ ਵੱਲ ਹੋ ਸਕਦਾ ਹੈ।

ਅਗਲੀ ਮੁੱਖ ਚੁਣੌਤੀ ਨਰਮੇ, ਮੱਕੀ ਅਤੇ ਝੋਨੇ ਦੀਆਂ ਫਸਲਾਂ ਦੀ ਬਿਜਾਈ ਸਮੇਂ ਆਵੇਗੀ, ਜਦੋਂ ਕਈ ਗੁਣਾਂ ਵੱਧ ਲੇਬਰ (ਲਗਭਗ 5 ਕਰੋੜ ਮਜ਼ਦੂਰ ਦਿਹਾੜੀਆਂ) ਦੀ ਲੋੜ ਪਏਗੀ। ਝੋਨੇ ਦੀ ਲਵਾਈ ਲਈ ਜ਼ਿਆਦਾ ਲੇਬਰ ਦੀ ਮੰਗ ਹੋਣ ਕਰਕੇ ਇਸ ਦੇ ਰੇਟ ਵੀ ਵਧਣਗੇ। ਨਾਲ ਹੀ ਲੇਬਰ ਦੀ ਦਿੱਕਤ ਕਰਕੇ ਝੋਨੇ ਦੀ ਲਵਾਈ 'ਚ ਵੀ ਦੇਰੀ ਹੋਣ ਦੀ ਸੰਭਾਵਨਾ ਹੈ, ਜਿਸ ਦੀ ਵਜ੍ਹਾ ਕਰਕੇ ਝੋਨੇ ਹੇਠ ਰਕਬਾ ਘਟ ਸਕਦਾ ਹੈ, ਪਰ ਨਾਲ ਹੀ ਬਾਸਮਤੀ, ਨਰਮੇ ਅਤੇ ਮੱਕੀ ਦੀਆਂ ਫਸਲਾਂ ਹੇਠ ਰਕਬਾ ਵਧੇਗਾ। ਗਰਮੀ ਰੁੱਤ ਦੀਆਂ ਸਬਜ਼ੀਆਂ ਹੇਠ ਵੀ ਰਕਬਾ ਘਟਣ ਦੀ ਸੰਭਾਵਨਾ ਹੈ। ਝੋਨੇ ਦੀ ਸਿੱਧੀ ਬਿਜਾਈ ਅਤੇ ਦੇਰ ਨਾਲ ਲੱਗਣ ਵਾਲੀਆਂ ਦਾ ਪਸਾਰ ਲੇਬਰ ਦੀ ਇਸ ਘਾਟ ਦੇ ਖੱਪੇ ਨੂੰ ਪੂਰਾ ਕਰ ਸਕਦਾ ਹੈ। ਜਿੱਥੋਂ ਤੱਕ ਹੋ ਸਕੇ ਝੋਨਾ ਲਾਉਣ ਵਾਲੀਆਂ ਮਸ਼ੀਨਾਂ ਦੀ ਵਰਤੋਂ ਵੀ ਕੀਤੀ ਜਾਣੀ ਚਾਹੀਦੀ ਹੈ।

ਇਸ ਸੰਕਟ ਦੀ ਘੜੀ ਵਿੱਚ, ਫਸਲਾਂ ਦੇ ਮੰਡੀਕਰਨ, ਬੀਜਾਂ, ਖਾਦਾਂ, ਕੀੜੇਮਾਰ ਦਵਾਈਆਂ ਅਤੇ ਖੇਤੀ ਮਸ਼ੀਨਰੀ ਆਦਿ ਦੀ ਬੇਰੋਕ ਸਪਲਾਈ ਨੂੰ ਯਕੀਨੀ ਬਣਾਉਣਾ ਬਹੁਤ ਜ਼ਰੂਰੀ ਹੋਵੇਗਾ। ਸਮੇਂ ਸਿਰ ਵੱਖ ਵੱਖ ਫਸਲਾਂ ਦੇ ਬੀਜਾਂ ਦੀ ਜ਼ਰੂਰਤ ਦਾ ਸਹੀ ਅਨੁਮਾਨ ਲਗਾਉਣ ਦੀ ਲੋੜ ਹੈ, ਤਾਂ ਕਿ ਹਰ ਤਰ੍ਹਾਂ ਦੇ ਬੀਜ, ਸਮੇਂ ਅਤੇ ਲੋੜ ਅਨੁਸਾਰ ਅਤੇ ਵਾਜਬ ਰੇਟਾਂ ਤੇ ਕਿਸਾਨਾਂ ਨੂੰ ਮਿਲ ਸਕਣ। ਇਸ ਬਾਬਤ ਸਰਕਾਰ ਲਗਾਤਾਰ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੀ ਸਲਾਹ ਨਾਲ ਹਰ ਸੰਭਵ ਉਪਰਾਲਾ ਕਰ ਰਹੀ ਹੈ। ਖਾਦਾਂ ਦੀ ਸਪਲਾਈ ਨੂੰ ਸਮੇਂ ਸ਼ਿਰ ਯਕੀਨੀ ਬਣਾਉਣ ਲਈ ਪੰਜਾਬ ਸਰਕਾਰ ਨੂੰ ਹੁਣੇ ਤੋਂ ਹੀ ਕੇਂਦਰ ਸਰਕਾਰ ਨਾਲ ਰਾਬਤਾ ਕਾਇਮ ਕਰਨ ਦੀ ਲੋੜ ਹੈ। ਇਸੇ ਤਰ੍ਹਾਂ ਡੇਅਰੀ ਧੰਦਾ ਅਤੇ ਪੋਲਟਰੀ ਖੇਤਰ ਆਦਿ ਵਿੱਚ ਵੀ ਇਸ ਮਹਾਂਮਾਰੀ ਕਰਕੇ ਫੀਡ ਅਤੇ ਹਰੇ ਚਾਰੇ ਦੀਆਂ ਲਾਗਤਾਂ ਵਿੱਚ ਵਾਧਾ ਹੋਵੇਗਾ। ਇਹਨਾਂ ਧੰਦਿਆਂ ਤੋਂ ਹੋਣ ਵਾਲਾ ਉਤਪਾਦਨ ਘਟੇਗਾ ਅਤੇ ਕਿਸਾਨਾਂ ਦੀ ਆਮਦਨ ਨੂੰ ਇਹਨਾਂ ਖੇਤਰਾਂ 'ਚੋਂ ਵੀ ਚੰਗਾ ਖੋਰਾ ਲੱਗਣ ਦੀ ਸੰਭਾਵਨਾ ਹੈ। ਪੰਜਾਬ ਦੇ ਕਿਸਾਨਾਂ ਨੂੰ ਫਸਲਾਂ ਦੀ ਬਿਜਾਈ ਸਮੇਂ ਤੇ ਹੋਰ ਘਰੇਲੂ ਖਰਚੇ ਪੂਰੇ ਕਰਨ ਲਈ ਬੈਂਕਾਂ/ਸੁਸਾਇਟੀਆਂ ਵੱਲੋਂ ਮਿਲਦੇ ਫਸਲੀ ਕਰਜ਼ੇ ਵੀ ਸੁੰਗੜਨ ਦੀ ਸੰਭਾਵਨਾ ਹੈ। ਸਮਾਜ ਦੇ ਹਾਸ਼ੀਏ ਤੇ ਖੜੇ ਤਬਕੇ, ਛੋਟੇ ਅਤੇ ਸੀਮਾਂਤ ਕਿਸਾਨ ਜਿਹੜੇ ਆਪਣੀ ਆਈ-ਚਲਾਈ ਲਈ ਅਤੇ ਫਸਲਾਂ ਲਈ ਜ਼ਿਆਦਾਤਰ ਆੜ੍ਹਤੀਏ ਜਾਂ ਹੋਰ ਪ੍ਰਾਈਵੇਟ ਫਾਈਨਾਂਸਰਾਂ ਤੇ ਨਿਰਭਰ ਹਨ, ਨੂੰ ਵੀ ਇਸ ਦੌਰ ਦੌਰਾਨ ਕਾਫੀ ਮਾਰ ਝੱਲਣੀ ਪੈ ਸਕਦੀ ਹੈ। ਇਸ ਲਈ ਸਮਾਜ ਦੇ ਇਹਨਾਂ ਗਰੀਬੀ ਮਾਰੇ ਤਬਕਿਆਂ ਤੱਕ ਕਰਜ਼ ਮੁਹੱਈਆ ਕਰਾਉਣਾ ਵੀ ਇਕ ਵੱਡੀ ਚੁਣੌਤੀ ਹੋਵੇਗੀ।

ਇਸ ਦੌਰ ਵਿੱਚ ਫਲਾਂ ਅਤੇ ਸਬਜ਼ੀਆਂ ਦੀ ਸਪਲਾਈ ਵੀ ਬੁਰੀ ਤਰ੍ਹਾਂ ਪ੍ਰਭਾਵਿਤ ਹੋਈ ਹੈ। ਲੋਕਾਂ ਦੀ ਆਮਦਨ ਘਟਣ ਕਾਰਨ ਇਹਨਾਂ ਦੀ ਮੰਗ ਵਿੱਚ ਕਮੀਂ ਵੀ ਆਈ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਫਲਾਂ ਅਤੇ ਸਬਜ਼ੀਆਂ ਹੇਠੋਂ ਰਕਬਾ ਖਿਸਕਣ ਦੀ ਸੂਰਤ ਵਿੱਚ ਇਨ੍ਹਾਂ ਦੀਆਂ ਕੀਮਤਾਂ ਵਧਣ ਦੀ ਸੰਭਾਵਨਾ ਵੀ ਬਣੇਗੀ।

ਕੋਰੋਨਾ ਦੇ ਫੈਲਣ ਨਾਲ ਲੋਕਾਂ ਦੇ ਜੀਵਨ-ਨਿਰਬਾਹ ਤੇ ਬੁਰਾ ਅਸਰ ਪਵੇਗਾ। ਖੇਤੀ ਖੇਤਰ ਵਿੱਚ ਭਾਵੇਂ ਦਿਹਾੜੀਦਾਰ ਕਾਮਿਆਂ ਦੀ ਮੰਗ ਵਧੇਗੀ, ਪਰ ਹੋਰਨਾਂ ਖੇਤਰਾਂ ਵਿੱਚ ਦਿਹਾੜੀਦਾਰ ਕਾਮਿਆਂ ਦੀ ਮੰਗ ਘਟਣ ਕਰਕੇ ਬੇਰੋਜ਼ਗਾਰੀ ਵਧੇਗੀ। ਸ਼ਹਿਰੀ ਖੇਤਰ ਵਿੱਚ ਵੀ ਪੇਂਡੂ ਨੌਜਵਾਨਾਂ ਲਈ ਰੋਜ਼ਗਾਰ ਘਟੇਗਾ। ਮੋਟੇ ਤੌਰ ਤੇ ਪੰਜਾਬ ਵਿਚ ਰੋਜ਼ਗਾਰ ਦੇ ਮੌਕਿਆਂ ਤੇ ਬਹੁਤ ਮਾੜਾ ਅਸਰ ਪੈਣ ਦੀ ਸੰਭਾਵਨਾ ਹੈ। ਇਸ ਮਾੜੇ ਦੌਰ ਵਿੱਚ ਘਟਦੇ ਰੋਜ਼ਗਾਰ ਅਤੇ ਆਮਦਨ ਦੀ ਮਾਰ ਹੇਠ ਆਏ ਗਰੀਬ ਲੋਕਾਂ ਦੀ ਖਪਤ ਤੇ ਵੀ ਬਹੁਤ ਬੁਰਾ ਪ੍ਰਭਾਵ ਪਏਗਾ। ਪਿੰਡਾਂ ਚ ਗਰੀਬੀ ਰੇਖਾ ਹੇਠ ਜਨਸੰਖਿਆ ਵਿੱਚ ਵਾਧਾ ਹੋਵੇਗਾ। ਸਰਕਾਰ ਵੱਲੋਂ ਗਰੀਬ ਲੋਕਾਂ ਲਈ ਭੋਜਨ ਦੇ ਕੂਪਨ, ਮਾਲੀ ਸਹਾਇਤਾ, ਬੇਰੁਜ਼ਗਾਰੀ ਭੱਤਾ ਅਤੇ ਮਨਰੇਗਾ ਸਕੀਮ ਵਿੱਚ ਨਵੇਂ ਰੋਜ਼ਗਾਰ ਦਾ ਸਿਰਜਣ ਇਸ ਸਮੇਂ ਦੌਰਾਨ ਇਹਨਾਂ ਹਾਸ਼ੀਏ ਤੇ ਆਏ ਤਬਕੇ ਲਈ ਉਪਰਾਲੇ ਕੀਤੇ ਜਾ ਰਹੇ ਹਨ।

ਇਸ ਤੋਂ ਇਲਾਵਾ ਖੇਤੀ ਖੇਤਰ ਨੂੰ ਪ੍ਰਫੁੱਲਤ ਰੱਖਣ ਲਈ ਕਿਸਾਨਾਂ ਦੇ ਹਿੱਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ, ਇਸ ਖੇਤਰ ਵਿੱਚ ਉਤਪਾਦਨ ਦੇ ਕੰਮ ਵਿੱਚ ਖੁੱਲਾਂ ਦੇਣ ਨਾਲ ਸਰੀਰਕ ਦੂਰੀ ਦੇ ਨਿਯਮਾਂ ਦੀ ਉਲੰਘਨਾਵਾਂ ਨੂੰ ਵੀ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਜਿਸਦਾ ਪਾਲਣ ਕਰਕੇ ਵਾਇਰਸ ਨੂੰ ਫੈਲਣ ਤੋਂ ਰੋਕਿਆ ਜਾ ਸਕਦਾ ਹੈ। ਇਸ ਦੌਰ ਦੌਰਾਨ ਅਰਥ-ਵਿਵਸਥਾ ਸ਼ਾਇਦ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਵੱਖ-ਵੱਖ ਸੈਕਟਰਾਂ ਅਤੇ ਵੱਖ-ਵੱਖ ਦੇਸ਼ਾਂ/ਖਿੱਤਿਆਂ ਤੇ ਨਿਰਭਰ ਨਾ ਰਹਿ ਕੇ ਆਤਮ-ਨਿਰਭਰਤਾ ਵਾਲੇ ਰਾਹ ਤੇ ਅੱਗੇ ਵੱਧਣ ਦੀ ਕੋਸ਼ਿਸ਼ ਕਰੇਗੀ। ਅੱਜ ਦੇ ਮਾਹੌਲ ਵਿੱਚ ਹੋਰ ਵੀ ਕੁਝ ਕਰ ਗੁਜ਼ਰਨ ਦੀ ਲੋੜ ਹੈ। ਮਸਲਨ, ਪੇਂਡੂ ਪੰਚਾਇਤੀ ਰਾਜ ਨੂੰ ਮਜ਼ਬੂਤ ਕਰਨਾ, ਇਸ ਨੂੰ ਇੰਨਾ ਸਮਰੱਥ ਬਣਾ ਦੇਣਾ ਕਿ ਇਹ ਹਰ ਸੰਕਟ ਨੂੰ ਆਪਣੇ ਪੱਧਰ ਤੇ ਹੀ ਹੱਲ ਕਰਨ ਦੇ ਯੋਗ ਹੋ ਸਕੇ। ਜਿਵੇਂ ਫਸਲਾਂ ਦੀ ਵਾਢੀ ਅਤੇ ਖਰੀਦ ਦੀ ਯੋਜਨਾ ਬਣਾਉਣ ਵਿੱਚ ਇਸ ਦੀ ਭਾਗੀਦਾਰੀ, ਸਥਾਨਕ ਲੇਬਰ ਦਾ ਸੰਚਾਲਨ , ਖੇਤੀ ਵਰਤੋਂ ਲਈ ਸਾਧਨਾਂ ਦੀ ਲੋੜ ਅਤੇ ਸਥਾਨਕ ਪੱਧਰ ਤੇ ਫਸਲਾਂ ਦਾ ਮੰਡੀਕਰਨ ਆਦਿ ਦੇ ਮੌਕੇ-ਖਾਕੇ ਤਿਆਰ ਕਰਨ ਵਿੱਚ ਪੰਚਾਇਤਾਂ ਨੂੰ ਖੁੱਲ ਕੇ ਹਿੱਸਾ ਲੈਣ ਲਈ ਸਰਕਾਰ ਨੂੰ ਮੌਕੇ ਤਲਾਸ਼ਣ ਤੇ ਇਸ ਲਈ ਯੋਜਨਾ ਬਣਾਉਣ ਦੀ ਲੋੜ ਹੈ। ਇਸ ਤੋਂ ਇਲਾਵਾ ਖੇਤੀ ਖੇਤਰ ਨਾਲ ਜੁੜੀਆਂ ਵੱਖ ਵੱਖ ਸੰਸਥਾਵਾਂ ਜਿਵੇਂ ਕਿਸਾਨ ਉਤਪਾਦਕ ਸੰਸਥਾਵਾਂ, ਸੈਲਫ ਹੈਲਪ ਗਰੁੱਪ, ਕਿਸਾਨ ਕੋਪਰੇਟਿਵ ਅਤੇ ਹੋਰ ਸਥਾਨਕ ਪੱਧਰ ਦੀ ਸੰਸਥਾਂਵਾਂ ਨੂੰ ਵੀ ਉਹਨਾਂ ਦੇ ਬਣਦੇ ਰੋਲ ਦਾ ਅਹਿਸਾਸ ਕਰਾਉਂਦੇ ਹੋਏ, ਉਹਨਾਂ ਦੀ ਵੱਧ-ਚੜ੍ਹ ਕੇ ਇਸ ਔਖੀ ਘੜੀ 'ਚ ਸ਼ਮੂਲੀਅਤ ਕਰਨ ਦਾ ਢੁੱਕਵਾਂ ਵੇਲਾ ਹੈ।

ਪਾਣੀ ਸੋਧਕ ਯੰਤਰ ਨਾਲ ਕਿਸਾਨੀ ਦੀ ਲੁੱਟ

ਕਰਮਜੀਤ ਸਿੰਘ ਸੇਖੋਂ, ਅਨੁਰੀਤ ਕੌਰ, ਸੁਧੀਰ ਥੰਮਨ ਅਤੇ
ਅਨੁਰਾਗ ਮਲਿਕ, ਪੀ ਏ ਯੂ ਖੇਤਰੀ ਕੇਂਦਰ, ਬਠਿੰਡਾ।

ਪੰਜਾਬ ਦੇ ਦੱਖਣੀ-ਪੱਛਮੀ ਖੇਤਰ ਵਿੱਚ ਪੈਂਦੇ ਜ਼ਿਲ੍ਹਿਆਂ ਬਠਿੰਡਾ, ਮਾਨਸਾ, ਸ੍ਰੀ ਮੁਕਤਸਰ ਸਾਹਿਬ, ਫਰੀਦਕੋਟ, ਫਾਜ਼ਿਲਕਾ ਅਤੇ ਫਿਰੋਜ਼ਪੁਰ ਆਦਿ ਵਿੱਚ ਲਗਸ਼ਗ 70 ਫੀਸਦੀ ਧਰਤੀ ਹੇਠਲਾ ਪਾਣੀ ਮਾੜਾ (ਲੂਣਾ, ਖਾਰਾ ਜਾਂ ਲੂਣਾ-ਖਾਰਾ) ਹੈ। ਅਜਿਹੇ ਪਾਣੀਆਂ ਦੀ ਹੱਦ ਤੋਂ ਵੱਧ ਵਰਤੋਂ ਨਾਲ ਜ਼ਮੀਨ ਦੇ ਰਸਾਇਣਕ ਅਤੇ ਭੌਤਿਕ ਗੁਣਾਂ ਉੱਪਰ ਮਾੜਾ ਪ੍ਰਭਾਵ ਪੈਂਦਾ ਹੈ ਜਿਸ ਨਾਲ ਫਸਲਾਂ ਦਾ ਝਾੜ ਘੱਟ ਜਾਂਦਾ ਹੈ। ਪਿਛਲੇ ਸਮੇਂ ਵਿੱਚ ਵੱਖ-ਵੱਖ ਕੰਪਨੀਆਂ ਵੱਲੋਂ ਬਹੁਤ ਸਾਰੇ ਦਾਅਵੇ ਕੀਤੇ ਜਾਂਦੇ ਰਹੇ ਹਨ ਕਿ ਲੂਣੇ-ਖਾਰੇ ਪਾਣੀ ਵਾਲੇ ਟਿਊਬਵੈੱਲ ਦੀ ਡਲਿਵਰੀ ਪਾਈਪ ਉੱਪਰ ਖਾਸ ਉਪਕਰਣ ਲਗਾ ਕੇ ਇਸ ਨੂੰ ਸਿੰਚਾਈ ਲਈ ਵਰਤਣ ਦੇ ਅਨੁਕੂਲ ਬਣਾਇਆ ਜਾ ਸਕਦਾ ਹੈ। ਸਮੇਂ-ਸਮੇਂ 'ਤੇ ਕਿਸਾਨਾਂ ਨੇ ਪਾਣੀ ਸੋਧਕ ਯੰਤਰ (ਵਾਟਰ ਪਿਊਰੀਫਾਈਰ੍ਰਡੀਸਕੇਲਰ) ਦੀ ਜ਼ਿਆਦਾ ਕੀਮਤ ਹੋਣ ਕਰ ਕੇ ਇਸ ਦੀ ਉਪਯੋਗਤਾ ਸਬੰਧੀ ਸਵਾਲ ਕੀਤੇ ਹਨ। ਕਿਸਾਨਾਂ ਦੀ ਉਤਸੁਕਤਾ ਅਤੇ ਇਸ ਮਸਲੇ ਦੀ ਮਹੱਤਤਾ ਨੂੰ ਮੱਦੇਨਜ਼ਰ ਰੱਖਦੇ ਹੋਏ ਇਕ ਖੋਜ ਤਜ਼ਰਬਾ 5 ਸਾਲ ਤੱਕ ਖੇਤਰੀ ਕੇਂਦਰ ਬਠਿੰਡਾ ਅਧੀਨ ਜੋਧਪੁਰ ਫਾਰਮ ਵਿੱਚ ਮੈਰਾ-ਰੇਤਲੀ ਜ਼ਮੀਨ ਵਿੱਚ ਲੂਣੇ-ਖਾਰੇ ਪਾਣੀ ਨੂੰ ਸੋਧਣ ਵਾਲੇ ਉਪਕਰਨ ਦੀ ਕਾਰਗੁਜ਼ਾਰੀ ਘੋਖਣ ਲਈ ਨਰਮਾ-ਕਣਕ/ਰਾਇਆ ਫਸਲੀ ਚੱਕਰ ਵਿੱਚ ਕੀਤਾ ਗਿਆ।

ਟਿਊਬਵੈੱਲ ਦੇ ਲੂਣੇ-ਖਾਰੇ ਪਾਣੀ ਅਤੇ ਚੰਗੇ ਨਹਿਰੀ ਪਾਣੀ ਵਿੱਚ ਬਾਕੀ ਸੋਡੀਅਮ ਕਾਰਬੋਨੇਟ ਦੀ ਮਾਤਰਾ ਕ੍ਰਮਵਾਰ 6.4 ਅਤੇ 0.5 ਮਿਲੀਲਿਟਰ ਪ੍ਰਤੀ ਲਿਟਰ ਸੀ ਅਤੇ ਚਾਲਕਤਾ ਕ੍ਰਮਵਾਰ 2.2 ਅਤੇ 0.45 ਡੈਸੀਮਿਨ ਪ੍ਰਤੀ ਮੀਟਰ ਸੀ (ਜੇ ਬਾਕੀ ਸੋਡੀਅਮ ਕਾਰਬੋਨੇਟ 2.5 ਮਿਲੀਇਕਵੇਲੈਂਟ ਪ੍ਰਤੀ ਲਿਟਰ ਤੋਂ ਘੱਟ ਅਤੇ ਬਿਜਲਈ ਚਾਲਕਤਾ 2.0 ਡੈਸੀਸਿਮਨ ਪ੍ਰਤੀ ਮੀਟਰ ਤੋਂ ਘੱਟ ਹੋਵੇ ਤਾਂ ਪਾਣੀ ਸਿੰਚਾਈ ਲਈ ਠੀਕ ਮੰਨਿਆ ਜਾਂਦਾ ਹੈ)। ਲੂਣੇ-ਖਾਰੇ ਪਾਣੀ ਨੂੰ ਟਿਊਬਵੈੱਲ ਦੀ ਡਲਿਵਰੀ ਪਾਈਪ ਉਪਰ ਲੱਗੇ ਪਾਣੀ ਸੋਧਕ ਉਪਕਰਨ ਵਿੱਚੋਂ ਦੀ ਲੰਘਾਇਆ ਗਿਆ। ਟਿਊਬਵੈੱਲ ਦੇ ਲੂਣੇ-ਖਾਰੇ ਪਾਣੀ ਅਤੇ ਸੋਧੇ ਹੋਏ ਪਾਣੀ ਦੀ ਗੁਣਵੱਤਾ ਨੂੰ ਪਰਖਣ ਵਾਲੇ ਸਾਰੇ ਮਾਪਦੰਡਾਂ ਨੂੰ ਇੱਕੋ ਸਮੇਂ ਘੋਖਿਆ ਗਿਆ। ਲੂਣੇ-ਖਾਰੇ ਪਾਣੀ ਅਤੇ ਸੋਧੇ ਹੋਏ ਪਾਣੀ ਦੀ ਜਾਂਚ ਇਹ ਦਰਸਾਉਂਦੀ ਹੈ ਕਿ ਦੋਵਾਂ ਪਾਣੀਆਂ ਦੀ ਗੁਣਵੱਤਾ (ਚਾਲਕਤਾ ਜਾਂ ਬਾਕੀ ਸੋਡੀਅਮ ਕਾਰਬੋਨੇਟ) ਵਿੱਚ ਕੋਈ ਫਰਕ ਨਹੀਂ ਪਾਇਆ ਗਿਆ।

ਸਾਉਣੀ ਦੌਰਾਨ ਲੂਣੇ-ਖਾਰੇ ਪਾਣੀ ਅਤੇ ਸੋਧੇ ਹੋਏ ਪਾਣੀ ਦੀ ਸਿੰਚਾਈਆਂ ਨਾਲ ਨਰਮੇ ਦਾ ਇੱਕੋ ਜਿਹਾ ਝਾੜ ਮਿਲਿਆ, ਜੋ ਚੰਗੇ ਨਹਿਰੀ ਪਾਣੀ ਦੀ ਸਿੰਜਾਈ ਨਾਲੋਂ ਚੋਖਾ ਘੱਟ ਸੀ। ਦੂਜੇ ਸ਼ਬਦਾਂ ਵਿੱਚ ਨਹਿਰੀ ਪਾਣੀ ਦੀ ਸਿੰਚਾਈ ਨਾਲ ਨਰਮੇ ਦਾ ਝਾੜ ਸਭ ਤੋਂ ਵੱਧ ਨਿਕਲਿਆ ਜੋ ਕਿ ਅਣਸੋਧੇ ਲੂਣੇ-ਖਾਰੇ ਪਾਣੀ ਅਤੇ ਸੋਧੇ ਹੋਏ ਪਾਣੀਆਂ ਦੀ ਸਿੰਚਾਈ ਨਾਲੋਂ ਕਾਫੀ ਜ਼ਿਆਦਾ ਸੀ। ਹਾੜ੍ਹੀ ਦੇ ਸੀਜ਼ਨ ਦੌਰਨ ਵੱਖ-ਵੱਖ ਗੁਣਵੱਤਾ ਦੇ ਪਾਣੀਆਂ ਦੀ ਸਿੰਜਾਈ ਦਾ ਕਣਕ ਦੇ ਝਾੜ ਉੱਪਰ ਕੋਈ ਮਾੜਾ ਅਸਰ ਨਹੀਂ ਹੋਇਆ। ਆਲ ਇੰਡੀਆ ਪਾਣੀ ਪ੍ਰਬੰਧ ਪ੍ਰਜੈਕਟ ਦੇ ਅਧੀਨ ਹੋਰ ਤਜ਼ਰਬੇ ਵੀ ਇਸ ਤੱਥ ਦੀ ਗਵਾਹੀ ਭਰਦੇ ਹਨ ਕਿ ਰੇਤਲੀਆਂ ਜ਼ਮੀਨਾਂ ਵਿੱਚ ਲੂਣੇ-ਖਾਰੇ ਪਾਣੀ ਦੀ ਸਿੰਚਾਈ ਨਾਲ ਕਣਕ ਦਾ ਝਾੜ ਨਹੀਂ ਘਟਦਾ। ਇਸ ਤੋਂ ਇਹ ਜ਼ਾਹਿਰ ਹੁੰਦਾ ਹੈ ਕਿ ਇਸ ਖੋਜ ਤਜ਼ਰਬੇ ਵਿੱਚ ਵੱਖ-ਵੱਖ ਪਾਣੀ ਦੀ ਗੁਣਵੱਤਾ ਨਾਲ ਕਣਕ ਦਾ ਇੱਕੋ ਜਿਹਾ ਝਾੜ ਪਾਣੀ ਸੋਧਕ ਯੰਤਰ (ਵਾਟਰ ਪਿਊਰੀਫਾਇਰ) ਕਰ ਕੇ ਨਹੀਂ ਸੀ। ਇਸੇ ਤਰ੍ਹਾਂ ਹੀ ਵੱਖਰੇ-ਵੱਖਰੇ ਪਾਣੀਆਂ ਦੀ ਗੁਣਵੱਤਾ ਦਾ ਰਾਇਆ ਦੇ ਝਾੜ ਉੱਪਰ ਕੋਈ ਮਾੜਾ ਅਸਰ ਨਹੀਂ ਦੇਖਿਆ ਗਿਆ। ਇਸ ਤੋਂ ਇਲਾਵਾ ਟਿਊਬਵੈੱਲ ਦੇ ਲੂਣੇ-ਖਾਰੇ ਪਾਣੀ ਅਤੇ ਸੋਧੇ ਹੋਏ ਟਿਊਬਵੈੱਲ ਦੇ ਪਾਣੀ ਦੀਆਂ ਸਿੰਜਾਈਆਂ ਦਾ ਜ਼ਮੀਨ ਦੀਆਂ ਵਿਸ਼ੇਸ਼ਤਾਵਾਂ ਪੀ. ਐੱਚ., ਬਿਜਲਈ ਚਾਲਕਤਾ, ਖਾਰਾਪਣ ਅਤੇ ਮੱਲੜ੍ਹ ਆਦਿ ਉੱਪਰ ਇਕੋ ਜਿਹਾ ਹੀ ਦੁਰ ਪ੍ਰਭਾਵ ਪਿਆ ਜੋ ਕਿ ਨਹਿਰੀ ਪਾਣੀ ਦੀ ਸਿੰਚਾਈ ਨਾਲੋਂ ਇਕਦਮ ਵੱਖਰਾ ਸੀ।

ਇਸ ਲਈ ਪਰਖੇ ਗਏ ਪਾਣੀ ਸੋਧਕ ਯੰਤਰ ਨੇ ਟਿਊਬਵੈੱਲ ਦੇ ਲੂਣੇ-ਖਾਰੇ ਪਾਣੀ ਨੂੰ ਨਹੀਂ ਸੁਧਾਰਿਆ ਅਤੇ ਉਸੇ ਤਰ੍ਹਾਂ ਦਾ ਹੀ ਦੁਰਪ੍ਰਭਾਵ ਫਸਲਾਂ ਦੇ ਝਾੜ ਅਤੇ ਮਿੱਟੀ ਦੀ ਸਿਹਤ ਉੱਪਰ ਪਾਇਆ। ਇਸ ਤਰ੍ਹਾਂ ਦਾ ਦੁਰਪ੍ਰਭਾਵ ਟਿਊਬਵੈੱਲ ਦੇ ਅਣਸੋਧੇ ਲੂਣੇ-ਪਾਣੀ ਨੇ ਪਾਇਆ ਸੀ। ਇਸ ਲਈ ਕਿਸਾਨਾਂ ਦੀ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਕੰਪਨੀਆਂ ਵੱਲੋਂ ਪਾਣੀ ਸੋਧਕ ਯੰਤਰ ਦੁਆਰਾ ਟਿਊਬਵੈੱਲ ਦੇ ਲੂਣੇ-ਖਾਰੇ ਪਾਣੀ ਨੂੰ ਠੀਕ ਕਰਨ ਦੇ ਝੂਠੇ ਝਾਂਸਿਆਂ ਅਤੇ ਗੁਮਰਾਹਕੁਨ ਪ੍ਰਚਾਰ ਤੋਂ ਸੁਚੇਤ ਰਹਿਣ। ❑

ਕੱਦੂ ਜਾਤੀ ਦੀਆਂ ਸਬਜ਼ੀਆਂ ਦੀ ਕਾਸ਼ਤ

ਡਾ. ਮੁਨੀਸ਼ ਸ਼ਰਮਾ ਅਤੇ ਡਾ. ਯਸ਼ਵੰਤ ਸਿੰਘ, ਕ੍ਰਿਸ਼ੀ ਵਿਗਿਆਨ ਕੇਂਦਰ, ਐਸ. ਏ. ਐਸ. ਨਗਰ (ਮੋਹਾਲੀ)

ਕੁਕਰਬਿਟੇਸੀ ਪਰਿਵਾਰ ਦੀਆਂ ਸਬਜ਼ੀਆਂ ਨੂੰ ਕੱਦੂ ਜਾਤੀ ਦੀਆਂ ਸਬਜ਼ੀਆਂ ਕਿਹਾ ਜਾਂਦਾ ਹੈ । ਗਰਮ ਰੁੱਤ ਵਿੱਚ ਉਗਾਈ ਜਾਣ ਵਾਲੀਆਂ ਸਬਜ਼ੀਆਂ ਵਿੱਚ ਇਹ ਸਭ ਤੋਂ ਵੱਡਾ ਪਰਿਵਾਰ ਹੈ । ਕੱਦੂ ਜਾਤੀ ਦੀਆਂ ਸਾਰੀਆਂ ਸਬਜ਼ੀਆਂ ਗਰਮੀ ਨੂੰ ਪਸੰਦ ਕਰਦੀਆਂ ਹਨ ਅਤੇ ਕੋਹਰੇ ਦੇ ਪ੍ਰਤੀ ਸੰਵੇਦਨਸ਼ੀਲ ਹੁੰਦੀਆਂ ਹਨ । ਕੱਦੂ ਜਾਤੀ ਦੀ ਸਬਜ਼ੀਆਂ ਦਾ ਉਪਯੋਗ ਵੱਖ-ਵੱਖ ਤਰੀਕਿਆਂ ਨਾਲ ਕੀਤਾ ਜਾਂਦਾ ਹੈ । ਖੀਰਾ ਅਤੇ ਤਰ ਨੂੰ ਸਲਾਦ ਦੇ ਰੂਪ ਵਿੱਚ

ਖਾਇਆ ਜਾਂਦਾ ਹੈ ਅਤੇ ਖਰਬੂਜ਼ਾ ਅਤੇ ਤਰਬੂਜ਼ ਨੂੰ ਫਲ ਦੇ ਰੂਪ ਵਿੱਚ ਖਾਇਆ ਜਾਂਦਾ ਹੈ । ਘੀਆ, ਕਰੇਲਾ, ਤੋਰੀ, ਪਰਬਲ, ਟਿੰਡਾ, ਚੱਪਣ ਕੱਦੂ ਆਦਿ ਵੀ ਵਰਤੋਂ ਸਬਜ਼ੀ ਦੇ ਰੂਪ ਵਿੱਚ ਕੀਤੀ ਜਾਂਦੀ ਹੈ । ਜਦੋਂ ਕਿ ਪੇਠੇ ਦੀ ਵਰਤੋਂ ਮਿਠਾਈ ਦੇ ਰੂਪ ਵਿੱਚ ਵੀ ਕੀਤੀ ਜਾਂਦੀ ਹੈ । ਇਹਨਾਂ ਸਬਜ਼ੀਆਂ ਦੀ ਕਾਸ਼ਤ ਅਤੇ ਵਰਤੋਂ ਦੇਸ਼ ਦੇ ਹਰੇਕ ਭਾਗ ਵਿੱਚ ਕੀਤੀ ਜਾਂਦੀ ਹੈ । ਕੱਦੂ ਜਾਤੀ ਦੀਆਂ ਸਬਜ਼ੀਆਂ ਵਿਟਾਮਿਨ ਏ, ਵਿਟਾਮਿਨ ਸੀ, ਕੈਲਸ਼ੀਅਮ ਅਤੇ ਲੋਹੇ ਤੋਂ ਭਰਪੂਰ ਹੁੰਦੀਆਂ ਹਨ । ਫਲਾਂ ਦੇ ਬਣਨ ਦੇ ਸਮੇਂ ਉੱਚ ਤਾਪਮਾਨ ਅਤੇ ਸੁੱਕਾ ਫਲਾਂ ਦੀ

ਸਬਜ਼ੀ ਦਾ ਨਾਂ	ਕਿਸਮਾਂ
ਕੱਦੂ	ਪੀ.ਏ.ਯੂ. ਮਰਜ਼ ਕੱਦੂ-1, ਪੀ.ਪੀ.ਐੱਚ-1,ਪੀ.ਪੀ.ਐੱਚ-2, ਪੰਜਾਬ ਸਮਰਾਟ
ਚੱਪਣ ਕੱਦੂ	ਪੰਜਾਬ ਚੱਪਣ ਕੱਦੂ-1
ਘੀਆ ਕੱਦੂ	ਪੰਜਾਬ ਬਹਾਰ, ਪੰਜਾਬ ਬਰਕਤ, ਪੰਜਾਬ ਲੌਂਗ, ਪੰਜਾਬ ਕੌਮਲ
ਕਰੇਲਾ	ਪੰਜਾਬ ਝਾੜ ਕਰੇਲਾ-1, ਪੰਜਾਬ ਕਰੇਲੀ-1, ਪੰਜਾਬ-14
ਕਾਲੀ ਤੋਰੀ	ਪੰਜਾਬ ਕਾਲੀ ਤੋਰੀ-9, ਪੂਸਾ ਚਿਕਨੀ
ਪੇਠਾ	ਪੀ.ਏ.ਜੀ.-3
ਖੀਰਾ	ਪੰਜਾਬ ਖੀਰਾ-1, ਪੰਜਾਬ ਨਵੀਨ
ਤਰ	ਪੰਜਾਬ ਲੌਂਗ ਮੈਲਨ-1
ਟਿੰਡਾ	ਪੰਜਾਬ ਟਿੰਡਾ-1, ਟਿੰਡਾ-48
ਬੰਗਾ	ਪੰਜਾਬ ਬੰਗਾ ਨੰ-1
ਤਰਬੂਜ਼	ਸ਼ੂਗਰ ਬੇਬੀ
ਖਰਬੂਜ਼ਾ	ਐਮ.ਐੱਚ-51,ਐਮ.ਐੱਚ-27, ਪੰਜਾਬ ਹਾਈਬ੍ਰਿਡ, ਪੰਜਾਬ ਸੁਨਹਿਰੀ, ਹਰਾ ਮਧੂ

ਗੁਣਵੱਤਾ ਲਈ ਜ਼ਰੂਰੀ ਹੁੰਦਾ ਹੈ । ਵਾਤਾਵਰਣ ਦਾ ਪ੍ਰਭਾਵ ਫਲਾਂ ਦੀ ਮਿਠਾਸ ਤੇ ਵੀ ਕਾਫੀ ਅਹਿਮ ਯੋਗਦਾਨ ਰੱਖਦਾ ਹੈ । ਕੱਦੂ ਜਾਤੀ ਦੀਆਂ ਸਬਜ਼ੀਆਂ ਦੀ ਕਾਸ਼ਤ ਲਈ ਗਰਮ ਮੌਸਮ (30-35 ਸੈਲਸੀਅਸ) ਦੀ ਲੋੜ ਹੁੰਦੀ ਹੈ । ਇਹਨਾਂ ਸਬਜ਼ੀਆਂ ਦੀ ਕਾਸ਼ਤ ਲਈ ਕੋਹਰਾ ਅਤੇ ਹਵਾਵਾਂ ਨੁਕਸਾਨਦਾਇਕ ਹੁੰਦੀਆਂ ਹਨ ।

ਘੱਟ ਤਾਪਮਾਨ ਅਤੇ ਜ਼ਿਆਦਾ ਆਂਦਰਤਾ (ਸਿੱਲ੍ਹ) ਦੇ ਕਾਰਨ ਮਾਦਾ ਫੁੱਲਾਂ ਦਾ ਵਾਧਾ ਹੁੰਦਾ ਹੈ । ਡੂੰਘੇ, ਚੰਗੇ ਪਾਣੀ ਦੇ ਨਿਕਾਸ ਵਾਲੀਆਂ ਅਤੇ ਰੇਤਲੀ ਦੋਮਟ ਮਿੱਟੀ ਕੱਦੂ ਜਾਤੀ ਦੀਆਂ ਸਬਜ਼ੀਆਂ ਲਈ ਚੰਗੀ ਮੰਨੀ ਜਾਂਦੀ ਹੈ । ਮਿੱਟੀ ਦਾ ਪੀ. ਐੱਚ ਮਾਨ 5.8-7.5 ਦੇ ਵਿੱਚ ਹੋਣਾ ਚਾਹੀਦਾ ਹੈ । ਖੇਤ ਦੀ ਚੰਗੀ ਤਰ੍ਹਾਂ ਦੋ ਤਿੰਨ ਵਾਰ ਵਹਾਈ ਕਰੋ ਤਾਂ ਜੋ ਮਿੱਟੀ ਭੁਰਭੁਰੀ ਹੋ ਜਾਵੇ । ਹਲਕੀ ਅਤੇ ਰੇਤਲੀ ਮਿੱਟੀ ਵਿੱਚ ਫਸਲ ਛੇਤੀ ਤਿਆਰ ਹੋ ਜਾਂਦੀ ਹੈ । ਕੱਦੂ ਜਾਤੀ ਦੀਆਂ ਸਬਜ਼ੀਆਂ ਦੀ ਕਾਸ਼ਤ ਨਦੀ ਦੇ ਕਿਨਾਰਿਆਂ ਤੇ ਵੀ ਕੀਤੀ ਜਾਂਦੀ ਹੈ ਕਿਉਂਕਿ ਇਹਨਾਂ ਦੀਆਂ ਜੜ੍ਹਾਂ ਜ਼ਮੀਨ ਵਿੱਚ ਬਹੁਤ ਡੂੰਘਾਈ ਤੱਕ ਜਾ ਕੇ ਪਾਣੀ ਦੀ ਜ਼ਰੂਰਤ ਨੂੰ ਪੂਰਾ ਕਰ ਲੈਂਦੀਆਂ ਹਨ । ਇਹਨਾਂ ਸਬਜ਼ੀਆਂ ਦੀ ਕਾਸ਼ਤ ਵੇਲੇ ਇਸ ਗੱਲ ਦਾ ਧਿਆਨ ਦੇਣਾ ਚਾਹੀਦਾ ਹੈ ਕਿ ਮਿੱਟੀ ਵਿੱਚ ਗਰਮੀਆਂ ਦੌਰਾਨ ਦਰਾੜਾਂ ਨਾ ਪੈਣ ਅਤੇ ਪਾਣੀ ਵੀ ਖੇਤ ਵਿੱਚ ਖੜ੍ਹਿਆ ਨਾ ਰਹੇ ।

ਕਿਸਾਨ ਵੀਰ, ਕਿਸਮਾਂ ਦੀ ਚੋਣ ਕਰਨ ਸਮੇਂ ਆਪਣੇ ਨਜ਼ਦੀਕੀ ਬਾਗਬਾਨੀ ਮਾਹਿਰ ਜਾਂ ਕ੍ਰਿਸ਼ੀ ਵਿਗਿਆਨ ਕੇਂਦਰ ਦੇ ਸਾਇੰਸਦਾਨਾਂ ਦੀ ਸਲਾਹ ਜ਼ਰੂਰ ਲੈਣ । ਬੀਜ ਹਮੇਸ਼ਾਂ ਖੇਤੀਬਾੜੀ ਯੂਨੀਵਰਸਿਟੀ ਦੇ ਬਾਗਬਾਨੀ ਮਹਿਕਮੇ ਜਾਂ ਕਿਸੇ ਭਰੋਸੇਯੋਗ ਅਦਾਰਿਆਂ ਤੋਂ ਹੀ ਲੈਣਾ ਚਾਹੀਦਾ ਹੈ । ਚੰਗਾ ਬੀਜ ਹੀ ਚੰਗੀ ਫਸਲ ਦਾ ਦਾ ਆਧਾਰ ਹੁੰਦਾ ਹੈ । ਕੱਦੂ ਜਾਤੀ ਦੀਆਂ ਸਬਜ਼ੀਆਂ ਆਮ ਤੌਰ ਤੇ ਮੁੱਖ ਖੇਤ ਵਿੱਚ ਬਿਜਾਈ ਕਰਕੇ ਹੀ ਉਗਾਈਆਂ ਜਾਂਦੀਆਂ ਹਨ । ਪਰ ਇਹਨਾਂ ਦੀ ਪਨੀਰੀ ਪੋਲੀਬੈਗ ਜਾਂ ਪਲੱਗ ਟਰੇਅ ਆਦਿ ਵਿੱਚ ਵੀ ਤਿਆਰ ਕੀਤੀ ਜਾ ਸਕਦੀ ਹੈ । ਜਿਸਦੇ ਕਾਰਨ ਇਹ ਛੇਤੀ ਤਿਆਰ ਹੋ ਜਾਂਦੀਆਂ ਹਨ ਅਤੇ ਉੱਚ ਗੁਣਵੱਤਾ ਵਾਲੀ ਪਨੀਰੀ ਪ੍ਰਾਪਤ ਕੀਤੀ ਜਾ ਸਕਦੀ ਹੈ ।

ਖਾਦਾਂ ਦੀ ਮਾਤਰਾ ਅਤੇ ਵਰਤੋਂ ਦੀ ਵਿਧੀ :

ਖਰਬੂਜ਼ਾ : 10-15 ਟਨ ਗਲੀ-ਸੜੀ ਰੂੜੀ, 50 ਕਿਲੋ ਨਾਈਟ੍ਰੋਜਨ (110 ਕਿਲੋ ਯੂਰੀਆ), (155 ਕਿੱਲੋ ਸੁਪਰ ਫਾਸਫੇਟ), 25 ਕਿਲੋ ਪੋਟਾਸ਼ । (40 ਕਿਲੋ ਮਿਊਰੇਟ ਆਫ ਪੋਟਾਸ਼) । ਰੂੜੀ ਦੀ ਸਾਰੀ ਖਾਦ ਬਿਜਾਈ ਕਰਨ ਤੋਂ 10-15 ਦਿਨ ਪਹਿਲਾਂ ਹੀ ਖੇਤ ਵਿੱਚ ਪਾਉਣੀ ਚਾਹੀਦੀ ਹੈ। ਫਾਸਫੋਰਸ, ਪੋਟਾਸ਼ ਅਤੇ ਨਾਈਟ੍ਰੋਜਨ ਵੀ ਇੱਕ-ਤਿਹਾਈ ਮਾਤਰਾ ਬੀਜਾਂ ਦੀ ਬਿਜਾਈ ਤੋਂ ਪਹਿਲਾਂ ਖੇਤਾਂ ਦੇ ਨਿਸ਼ਾਨ ਦੇ ਦੋਨੋਂ ਪਾਸੇ 45 ਸੈ.ਮੀ. ਦੀ ਦੂਰੀ ਤੇ ਕਤਾਰਾਂ ਵਿਚਕਾਰ ਪਾ ਦਿਉ । ਖਾਦਾਂ ਦੀਆਂ ਕਤਾਰਾਂ ਵਿਚਕਾਰ ਖਾਲੀਆਂ ਬਣਾਉਣੀਆਂ ਚਾਹੀਦੀਆਂ ਹਨ । ਨਾਈਟ੍ਰੋਜਨ ਦੀ ਬਾਕੀ ਬਚੀ ਮਾਤਰਾ ਫਸਲ ਉਗਾਉਣ ਤੋਂ 3-4 ਹਫਤੇ ਬਾਅਦ ਮੁੱਢਾਂ ਦੇ ਆਲੇ ਦੁਆਲੇ ਬਣਾਉਣੀ ਚਾਹੀਦੀਆਂ ਹਨ ਅਤੇ ਚੰਗੀ ਤਰ੍ਹਾਂ ਮਿੱਟੀ ਵਿੱਚ ਮਿਲਾ ਦੇਣੀ ਚਾਹੀਦੀ ਹੈ ।

ਤਰਬੂਜ਼ : 8-10 ਟਨ ਗਲੀ-ਸੜੀ ਰੂੜੀ, 25 ਕਿਲੋ ਨਾਈਟ੍ਰੋਜਨ (55 ਕਿਲੋ ਯੂਰੀਆ), 16 ਕਿੱਲੋ ਸੁਪਰ ਫਾਸਫੋਰਸ (100 ਕਿਲੋ ਸੁਪਰ ਫਾਸਫੇਟ) 15 ਕਿਲੋ ਪੋਟਾਸ਼ । (25 ਕਿਲੋ ਮਿਊਰੇਟ ਆਫ ਪੋਟਾਸ਼) । ਰੂੜੀ ਦੀ ਸਾਰੀ ਖਾਦ ਬਿਜਾਈ ਕਰਨ ਤੋਂ 10-15 ਦਿਨ ਪਹਿਲਾਂ ਹੀ ਖੇਤ ਵਿੱਚ ਪਾਉਣੀ ਚਾਹੀਦੀ ਹੈ । ਫਾਸਫੋਰਸ, ਪੋਟਾਸ਼ ਅਤੇ ਨਾਈਟ੍ਰੋਜਨ ਵੀ ਇੱਕ-ਤਿਹਾਈ ਮਾਤਰਾ ਬੀਜਾਂ ਦੀ ਬਿਜਾਈ ਤੋਂ ਪਹਿਲਾਂ ਖੇਤਾਂ ਦੇ ਨਿਸ਼ਾਨ ਦੇ ਦੋਨੋਂ ਪਾਸੇ 45 ਸੈ.ਮੀ. ਦੀ ਦੂਰੀ ਤੇ ਕਤਾਰਾਂ ਵਿਚਕਾਰ ਪਾ ਦਿਉ । ਖਾਦਾਂ ਦੀਆਂ ਕਤਾਰਾਂ ਵਿਚਕਾਰ ਖਾਲੀਆਂ ਬਣਾਉਣੀਆਂ ਚਾਹੀਦੀਆਂ ਹਨ । ਨਾਈਟ੍ਰੋਜਨ ਦੀ ਬਾਕੀ ਬਚੀ ਮਾਤਰਾ ਫਸਲ ਉਗਾਉਣ ਤੋਂ 3-4 ਹਫਤੇ ਬਾਅਦ ਮੁੱਢਾਂ ਦੇ ਆਲੇ ਦੁਆਲੇ ਬਣਾਉਣੀ ਚਾਹੀਦੀਆਂ ਹਨ ਅਤੇ ਚੰਗੀ ਤਰ੍ਹਾਂ ਮਿੱਟੀ ਵਿੱਚ ਮਿਲਾ ਦੇਣੀ ਚਾਹੀਦੀ ਹੈ ।

ਹਲਵਾ ਕੱਦੂ : 8-10 ਕੁਇੰਟਲ ਗਲੀ-ਸੜੀ ਗਲੀ-ਸੜੀ ਰੂੜੀ, 20 ਕਿਲੋ ਨਾਈਟ੍ਰੋਜਨ (45 ਕਿਲੋ ਯੂਰੀਆ) ।

ਚੱਪਣ ਕੱਦੂ : 15 ਟਨ ਗਲੀ-ਸੜੀ ਰੂੜੀ, 40 ਕਿਲੋ ਨਾਈਟ੍ਰੋਜਨ (90 ਕਿਲੋ ਯੂਰੀਆ), 20 ਕਿੱਲੋ ਸੁਪਰ ਫਾਸਫੋਰਸ (125 ਕਿਲੋ ਸੁਪਰ ਫਾਸਫੇਟ) 15 ਕਿਲੋ ਪੋਟਾਸ਼ । (25 ਕਿਲੋ ਮਿਊਰੇਟ ਆਫ ਪੋਟਾਸ਼) । ਰੂੜੀ ਦੀ ਸਾਰੀ ਖਾਦ ਕਿਆਰੀਆਂ ਬਣਾਉਣ ਤੋਂ ਪਹਿਲਾਂ ਪਾਉਣੀ ਚਾਹੀਦੀ ਹੈ । ਅੱਧੀ ਨਾਈਟ੍ਰੋਜਨ ਫਾਸਫੋਰਸ ਅਤੇ ਪੋਟਾਸ਼ ਬਿਜਾਈ ਤੋਂ ਪਹਿਲਾਂ ਪਾਓ । ਬਾਕੀ ਬਚੀ ਨਾਈਟ੍ਰੋਜਨ ਦੀ ਮਾਤਰਾ ਫਸਲ ਬੀਜਣ ਤੋਂ ਇਕ ਮਹੀਨਾ ਬਾਅਦ ਖੇਤ ਵਿੱਚ ਪਾਓ ।

ਘੀਆ ਕੱਦੂ : 20-25 ਟਨ ਗਲੀ-ਸੜੀ ਰੂੜੀ, 14 ਕਿਲੋ ਨਾਈਟ੍ਰੋਜਨ (30 ਕਿਲੋ ਯੂਰੀਆ) ਬਿਜਾਈ ਤੋਂ ਪਹਿਲਾਂ, 14

ਕਿਲੋ ਨਾਈਟ੍ਰੋਜਨ (30 ਕਿਲੋ ਯੂਰੀਆ) ਪਹਿਲੀ ਤੋੜਾਈ ਵੇਲੇ ਰੂੜੀ ਦੀ ਖਾਦ ਖੇਲਾਂ ਬਣਾਉਣ ਤੋਂ ਪਹਿਲਾਂ ਪਾਉ ।

ਕਾਲੀ ਤੋਰੀ : 40 ਕਿਲੋ ਨਾਈਟ੍ਰੋਜਨ (90 ਕਿਲੋ ਯੂਰੀਆ), 20 ਕਿੱਲੋ ਫਾਸਫੋਰਸ (125 ਕਿਲੋ ਸੁਪਰ ਫਾਸਫੇਟ) 20 ਕਿਲੋ ਪੋਟਾਸ਼ । (35 ਕਿਲੋ ਮਿਊਰੇਟ ਆਫ ਪੋਟਾਸ਼) । ਫਾਸਫੋਰਸ ਅਤੇ ਪੋਟਾਸ਼ ਦੀ ਸਾਰੀ ਮਾਤਰਾ ਅਤੇ ਨਾਈਟ੍ਰੋਜਨ ਦਾ ਤੀਜਾ ਹਿੱਸਾ ਬੀਜ ਬੀਜਣ ਤੋਂ ਪਹਿਲਾਂ ਪਾਓ ਅਤੇ ਬਿਜਾਈ ਤੋਂ 25-30 ਦਿਨਾਂ ਦੇ ਬਾਅਦ ਨਾਈਟ੍ਰੋਜਨ ਖਾਦ ਦੀ ਬਾਕੀ ਬਚੀ ਮਾਤਰਾ ਪਾਓ ।

ਖੀਰਾ : 40 ਕਿਲੋ ਨਾਈਟ੍ਰੋਜਨ (90 ਕਿਲੋ ਯੂਰੀਆ), 20 ਕਿੱਲੋ ਫਾਸਫੋਰਸ (125 ਕਿਲੋ ਸੁਪਰ ਫਾਸਫੇਟ) 20 ਕਿਲੋ ਪੋਟਾਸ਼ । (35 ਕਿਲੋ ਮਿਊਰੇਟ ਆਫ ਪੋਟਾਸ਼) । ਫਾਸਫੋਰਸ ਅਤੇ ਪੋਟਾਸ਼ ਦੀ ਸਾਰੀ ਮਾਤਰਾ ਅਤੇ ਨਾਈਟ੍ਰੋਜਨ ਦਾ ਤੀਜਾ ਹਿੱਸਾ ਬਿਜਾਈ ਤੋਂ ਪਹਿਲਾਂ ਪਾਓ । ਬਾਕੀ ਬਚੀ ਨਾਈਟ੍ਰੋਜਨ ਵੇਲਾਂ ਦੇ ਅਗੇਤੇ ਵਾਧੇ ਸਮੇਂ ਤਾਂ ਜੋ ਖਾਦਾਂ ਲਾਈਨਾਂ ਵਿੱਚ ਆ ਜਾਣ । ਬਾਕੀ ਦੀ ਨਾਈਟ੍ਰੋਜਨ ਫਸਲ ਦੇ ਮੱਢਲੇ ਵਾਧੇ ਸਮੇਂ ਭਾਵ ਕਿ ਬਿਜਾਈ ਤੋਂ ਇਕ ਮਹੀਨੇ ਬਾਅਦ ਦੋ ਹਿੱਸਿਆਂ ਵਿੱਚ ਪਾਉਣ ਦੀ ਸਿਫਾਰਿਸ਼ ਕੀਤੀ ਜਾਂਦੀ ਹੈ ਜੋ ਬਿਜਾਈ ਤੋਂ ਇਕ ਮਹੀਨੇ ਬਾਅਦ ਵੇਲਾਂ ਦੇ ਨੇੜੇ ਮਿੱਟੀ ਚੜ੍ਹਾ ਦਿਉ ।

ਪੇਠਾ : 8-10 ਟਨ ਗਲੀ-ਸੜੀ ਰੂੜੀ, 40 ਕਿਲੋ ਨਾਈਟ੍ਰੋਜਨ (90 ਕਿਲੋ ਯੂਰੀਆ), 20 ਕਿੱਲੋ ਸੁਪਰ ਫਾਸਫੋਰਸ (125 ਕਿਲੋ ਸੁਪਰ ਫਾਸਫੇਟ) 20 ਕਿਲੋ ਪੋਟਾਸ਼ । (35 ਕਿਲੋ ਮਿਊਰੇਟ ਆਫ ਪੋਟਾਸ਼) । ਰੂੜੀ, ਫਾਸਫੋਰਸ ਅਤੇ ਪੋਟਾਸ਼ ਦੀ ਸਾਰੀ ਮਾਤਰਾ ਅਤੇ ਅੱਧੀ ਨਾਈਟ੍ਰੋਜਨ ਦੀ ਮਾਤਰਾ ਵੇਲਾਂ ਬਣਾਉਣ ਤੋਂ ਪਹਿਲਾਂ ਅਤੇ ਬਾਕੀ ਬਚੀ ਨਾਈਟ੍ਰੋਜਨ ਫੁੱਲ ਆਉਣ ਦੇ ਸਮੇਂ ਪਾਉਣ ਦੀ ਸਿਫਾਰਿਸ਼ ਕੀਤੀ ਜਾਂਦੀ ਹੈ ।

ਟੀਂਡਾ : 40 ਕਿਲੋ ਨਾਈਟ੍ਰੋਜਨ (90 ਕਿਲੋ ਯੂਰੀਆ), 20 ਕਿੱਲੋ ਸੁਪਰ ਫਾਸਫੋਰਸ (125 ਕਿਲੋ ਸੁਪਰ ਫਾਸਫੇਟ), 20 ਕਿਲੋ ਪੋਟਾਸ਼ । (35 ਕਿਲੋ ਮਿਊਰੇਟ ਆਫ ਪੋਟਾਸ਼) । ਇਨ੍ਹਾਂ ਖਾਦਾਂ ਵਿਚੋਂ 1/3 ਹਿੱਸਾ ਨਾਈਟ੍ਰੋਜਨ, ਸਾਰੀ ਫਾਸਫੋਰਸ ਅਤੇ ਪੋਟਾਸ਼ ਬਿਜਾਈ ਸਮੇਂ ਪਟੜੀਆਂ ਦੇ ਦੁਆਲੇ 15-15 ਸੈਂਟੀਮੀਟਰ ਦੇ ਫਾਸਲੇ ਤੇ ਦੋ ਸਮਾਨਅੰਤਰ ਕਤਾਰਾਂ ਵਿੱਚ ਪਾ ਕੇ ਪਟੜੀਆਂ ਬਣਾਉ । ਬਾਕੀ ਬਚੀ ਨਾਈਟ੍ਰੋਜਨ ਵੇਲਾਂ ਦੇ ਅਗੇਤੇ ਵਾਧੇ ਸਮੇਂ ਬਿਜਾਈ ਤੋਂ ਇਕ ਮਹੀਨੇ ਬਾਅਦ ਪਾ ਕੇ ਮਿੱਟੀ ਚੜ੍ਹਾ ਦਿਓ ।

ਤਰ : 40 ਕਿਲੋ ਨਾਈਟ੍ਰੋਜਨ (90 ਕਿਲੋ ਯੂਰੀਆ), 20 ਕਿੱਲੋ ਸੁਪਰ ਫਾਸਫੋਰਸ (125 ਕਿਲੋ ਸੁਪਰ ਫਾਸਫੇਟ), 20 ਕਿਲੋ ਪੋਟਾਸ਼ (35 ਕਿਲੋ ਮਿਊਰੇਟ ਆਫ ਪੋਟਾਸ਼)

ਕੱਦੂ ਜਾਤੀ ਦੀਆਂ ਸਬਜ਼ੀਆਂ ਦੀ ਬਿਜਾਈ ਦਾ ਸਮਾਂ, ਬੀਜ ਦੀ ਮਾਤਰਾ ਅਤੇ ਫਾਸਲਾ :

ਸਬਜ਼ੀ ਦਾ ਨਾਂ	ਬਿਜਾਈ ਦਾ ਸਮਾਂ	ਬੀਜ ਦੀ ਮਾਤਰਾ	ਫਾਸਲਾ
ਖਰਬੂਜ਼ਾ	ਫਰਵਰੀ ਦਾ ਅੱਧ	400 ਗ੍ਰਾਮ ਏਕੜ	4 ਮੀਟਰ ਚੌੜੀ ਖਾਲ ਬਣਾਉ, ਬੀਜ ਤੋਂ ਬੀਜ ਦਾ ਫਾਸਲਾ 60 ਸੈ.ਮੀ. ਰੱਖੋ ।
ਤਰਬੂਜ਼	ਅੱਧ ਜਨਵਰੀ ਨਵੰਬਰ ਤੋਂ ਦਸੰਬਰ (ਘੇਰਾ ਕਰਕੇ)	1.0-1.5 ਕਿਲੋ/ਏਕੜ (ਛੋਟਾ ਬੀਜ) 1.0 ਕਿਲੋ/ਏਕੜ (ਮੋਟਾ ਬੀਜ)	2.5 ਤੋਂ 3.0 ਮੀਟਰ ਚੌੜੀਆਂ ਖਾਲਾਂ ਬਣਾਉ । ਬੀਜਾਂ ਵਿਚਕਾਰ 60 ਸੈ.ਮੀ. ਫਾਸਲਾ ਰੱਖੋ ।
ਚੱਪਣ ਕੱਦੂ	ਅੱਧ ਜਨਵਰੀ ਤੋਂ ਮਾਰਚ ਅਕਤੂਬਰ ਤੋਂ ਨਵੰਬਰ	20 ਕਿਲੋ ਪ੍ਰਤੀ ਬੀਜ	1.25 ਮੀਟਰ ਚੌੜੀਆਂ ਕਿਆਰੀਆਂ ਬਣਾਓ ਅਤੇ 45 ਸੈ.ਮੀ. ਦੂਰੀ ਤੇ ਦੋਨੋਂ ਪਾਸੇ ਇਕ ਜਗ੍ਹਾ ਤੋਂ ਦੋ-ਦੋ ਬੀਜ ਬੀਜੋ ।
ਹਲਵਾ ਕੱਦੂ	ਫਰਵਰੀ-ਮਾਰਚ	1.0 ਕਿਲੋ/ਏਕੜ	3.0 ਮੀਟਰ ਚੌੜੀਆਂ ਪਟਰੀਆਂ ਬਣਾਓ ਅਤੇ ਦੋਨੋਂ ਪਾਸੇ 60 ਸੈ.ਮੀ. ਫਾਸਲੇ ਤੋਂ ਦੋ-ਦੋ ਬੀਜ ਬੀਜੋ । ਹਾਈਬ੍ਰਿਡ ਕਿਸਮਾਂ ਨੂੰ 1.5 ਮੀਟਰ ਚੌੜੀਆਂ ਪਟਰੀਆਂ ਬਣਾਓ ਅਤੇ ਦੋਨੋਂ ਪਾਸੇ 45 ਸੈ.ਮੀ ਤੇ ਬੀਜ ਲਗਾਓ ।
ਘੀਆ ਕੱਦੂ	ਫਰਵਰੀ-ਮਾਰਚ ਜੂਨ-ਜੁਲਾਈ ਨਵੰਬਰ-ਦਸੰਬਰ	2.0 ਕਿਲੋ ਬੀਜ/ਏਕੜ	2.0-2.5 ਮੀਟਰ ਚੌੜੀਆਂ ਕਿਆਰੀਆਂ ਬਣਾਓ ਅਤੇ 45-60 ਸੈ.ਮੀ. ਦੂਰੀ ਤੇ ਦੋਨੋਂ ਪਾਸੇ ਬੀਜਾਈ ਕਰੋ ।
ਕਰੇਲਾ	ਫਰਵਰੀ-ਮਾਰਚ ਜੂਨ ਤੋਂ ਜੁਲਾਈ	2.0 ਕਿਲੋ ਬੀਜ/ਏਕੜ	1.5 ਮੀਟਰ ਚੌੜੀਆਂ ਕਿਆਰੀਆਂ ਬਣਾਓ ਅਤੇ 45 ਸੈ.ਮੀ. ਫਾਸਲਾ ਬੂਟੇ ਤੋਂ ਬੂਟੇ ਵਿੱਚ ਰੱਖੋ ।
ਕਾਲੀ ਤੋਰੀ	ਅੱਧ ਫਰਵਰੀ ਤੋਂ ਮਾਰਚ ਅੱਧ ਮਾਰਚ ਤੋਂ ਜੁਲਾਈ	2.0 ਕਿਲੋ ਬੀਜ/ਏਕੜ	3 ਮੀਟਰ ਚੌੜੀਆਂ ਕਿਆਰੀਆਂ ਬਣਾਓ ਅਤੇ 75-90 ਸੈ.ਮੀ. ਦੂਰੀ ਤੇ 2-2 ਬੀਜ ਇਕ ਥਾਂ ਤੇ ਬੀਜੋ ।
ਪੇਠਾ	ਫਰਵਰੀ-ਮਾਰਚ ਜੂਨ-ਜੁਲਾਈ	2.0 ਕਿਲੋ ਬੀਜ/ਏਕੜ	3 ਮੀਟਰ ਚੌੜੀਆਂ ਖਲਾਂ ਬਣਾਓ ਅਤੇ 75-90 ਸੈ.ਮੀ. ਦੂਰੀ ਤੇ ਇਕ ਪਾਸੇ 2-2 ਬੀਜ ਬੀਜੋ ।
ਖੀਰਾ	ਫਰਵਰੀ-ਮਾਰਚ	1.0 ਕਿਲੋ ਬੀਜ/ਏਕੜ	2.5 ਮੀਟਰ ਚੌੜੀਆਂ ਪਟਰੀਆਂ ਬਣਾਓ ਅਤੇ 45 ਸੈ.ਮੀ. ਫਾਸਲੇ ਉੱਪਰ ਦੋਨੋਂ ਪਾਸੇ ਬੀਜ ਬੀਜੋ ।
ਤਰ	ਫਰਵਰੀ-ਮਾਰਚ	1.0 ਕਿਲੋ ਬੀਜ/ਏਕੜ	2.5 ਮੀਟਰ ਚੌੜੀਆਂ ਪਟਰੀਆਂ ਬਣਾਓ ਅਤੇ 60 ਸੈ.ਮੀ. ਫਾਸਲੇ ਉੱਪਰ ਦੋਨੋਂ ਪਾਸੇ ਬੀਜ ਬੀਜੋ ।
ਟੀਂਡਾ	ਫਰਵਰੀ-ਮਾਰਚ ਜੂਨ-ਜੁਲਾਈ	1.2-1.5 ਕਿਲੋ ਬੀਜ/ਏਕੜ	1.5 ਮੀਟਰ ਚੌੜੀਆਂ ਪਟਰੀਆਂ ਬਣਾਓ ਅਤੇ 45 ਸੈ.ਮੀ. ਫਾਸਲੇ ਉੱਪਰ ਦੋਨੋਂ ਪਾਸੇ ਬੀਜ ਬੀਜੋ ।
ਬੰਗਾ	ਫਰਵਰੀ-ਮਾਰਚ ਜੂਨ-ਜੁਲਾਈ	2 ਕਿਲੋ/ਏਕੜ	2.5 ਮੀਟਰ ਚੌੜੀਆਂ ਪਟਰੀਆਂ ਬਣਾਓ ਅਤੇ 60 ਸੈ.ਮੀ. ਫਾਸਲੇ ਉੱਪਰ ਦੋਨੋਂ ਪਾਸੇ ਬੀਜ ਬੀਜੋ ।

ਬਾਕੀ ਸਫਾ 10 'ਤੇ

ਲੂ ਤੋਂ ਰਹੋ ਸਾਵਧਾਨ

ਗਰਮੀ ਦੇ ਮੌਸਮ ਵਿੱਚ ਦਿਨ ਦਾ ਤਾਪਮਾਨ 45 ਡਿਗਰੀ ਤੱਕ ਪਹੁੰਚ ਜਾਣ ਤੇ, ਲੂ ਚੱਲਣ ਦੀ ਸੰਭਾਵਨਾ ਵੱਧ ਜਾਂਦੀ ਹੈ। ਇਸ ਸਮੇਂ ਸਾਰਾ ਉੱਤਰੀ ਭਾਰਤ ਲੂ ਦੀ ਮਾਰ ਝੱਲ ਰਿਹਾ ਹੈ, ਜਿਸ ਤੋਂ ਬਚਣ ਲਈ ਘਰ ਤੋਂ ਬਾਹਰ ਕੰਮ ਕਰਦੇ ਕਿਸਾਨਾਂ/ਮਜ਼ਦੂਰਾਂ

ਨੂੰ ਖਾਸ ਧਿਆਨ ਰੱਖਣ ਦੀ ਲੋੜ ਹੈ।

ਲੂ ਦੇ ਲੱਛਣ

ਸਿਰਦਰਦ, ਬੁਖਾਰ, ਉਲਟੀਆਂ, ਜ਼ਿਆਦਾ ਪਸੀਨਾ ਆਉਣਾ, ਬੇਹੋਸ਼ੀ ਜਿਹੀ ਰਹਿਣਾ, ਕਮਜ਼ੋਰੀ ਮਹਿਸੂਸ ਹੋਣਾ, ਸਰੀਰ ਵਿੱਚ ਅਕੜਾਅ ਆਉਣਾ, ਨਬਜ਼ ਦਾ ਅਸੰਤੁਲਿਤ ਹੋਣਾ।

ਕੀ ਕਰੀਏ :

★ ਘਰ ਤੋਂ ਬਾਹਰ ਨਿਕਲਣ ਤੋਂ ਪਹਿਲਾਂ ਰੱਜ ਕੇ ਪਾਣੀ ਪੀਓ।

★ ਢਿੱਲੇ, ਸੂਤੀ ਅਤੇ ਆਰਾਮਦਾਇਕ ਕੱਪੜੇ ਹੀ ਪਾਓ। ਬਾਹਰ ਧੁੱਪ ਵਿੱਚ ਨਿਕਲਣ ਵੇਲੇ ਸਿਰ ਢੱਕ ਕੇ ਰੱਖੋ, ਹੋ ਸਕੇ ਤਾਂ ਗਿੱਲ੍ਹਾ ਤੌਲੀਆ ਵਰਤੋ।

★ ਪਾਣੀ, ਲੱਸੀ, ਓ ਆਰ ਐੱਸ ਦਾ ਘੋਲ ਜਾਂ ਫਿਰ ਲੱਸੀ ਆਦਿ ਦਾ ਵੱਧ ਤੋਂ ਵੱਧ ਸੇਵਨ ਕਰੋ।

★ ਦੁਪਹਿਰ ਵੇਲੇ ਘਰ ਤੋਂ ਬਾਹਰ ਘੱਟ ਨਿਕਲੋ, ਬਾਹਰ ਦੇ ਕੰਮ 12 ਵਜੇ ਤੋਂ ਪਹਿਲਾਂ ਹੀ ਨਿਪਟਾ ਲਵੋ।

ਕੀ ਨਾ ਕਰੀਏ

★ ਧੁੱਪ ਵਿੱਚ ਖਾਲੀ ਪੇਟ ਨਾ ਨਿਕਲੋ, ਪਾਣੀ ਹਮੇਸ਼ਾਂ ਨਾਲ ਰੱਖੋ, ਸਰੀਰ ਵਿੱਚ ਪਾਣੀ ਦੀ ਕਮੀਂ ਨਾ ਆਉਣ ਦਿਓ।

★ ਧੁੱਪ ਵਿੱਚ ਨਿਕਲਣ ਤੋਂ ਪਹਿਲਾਂ ਤਰਲ ਪਦਾਰਥ ਜ਼ਰੂਰ ਲਵੋ।

★ ਮਿਰਚ, ਮਸਾਲੇ ਵਾਲੇ ਭੋਜਨ ਤੋਂ ਪ੍ਰਹੇਜ਼ ਕਰੋ।

★ ਬੁਖਾਰ ਆਉਣ ਤੇ ਠੰਢੇ ਪਾਣੀ ਦੀਆਂ ਪੱਟੀਆਂ ਕਰੋ।

★ ਕੂਲਰ ਜਾਂ ਏ ਸੀ ਵਿੱਚ ਬੈਠਣ ਤੋਂ ਬਾਅਦ ਇਕ ਦਮ ਧੁੱਪ ਵਿੱਚ ਨਾ ਨਿਕਲੋ।

ਬਚਾਅ

★ ਵਿਅਕਤੀ ਨੂੰ ਛਾਂਦਾਰ ਜਗ੍ਹਾ ਤੇ ਬਿਠਾਓ।

★ ਵਿਅਕਤੀ ਦੇ ਕੱਪੜੇ ਢਿੱਲੇ ਕਰੋ।

★ ਵਿਅਕਤੀ ਨੂੰ ਤਰਲ ਪਦਾਰਥ ਪਿਲਾਓ।

★ ਤਾਪਮਾਨ ਘੱਟ ਕਰਨ ਲਈ ਠੰਢੇ ਪਾਣੀ ਦੀਆਂ ਪੱਟੀਆਂ ਕਰੋ।

★ ਵਿਅਕਤੀ ਨੂੰ ਜਲਦੀ ਹੀ ਨਜ਼ਦੀਕੀ ਸਿਹਤ ਕੇਂਦਰ ਲਿਜਾ ਕੇ ਡਾਕਟਰ ਦੀ ਸਲਾਹ ਲਵੋ।

ਸਿਹਤ ਲਈ ਫਾਇਦੇਮੰਦ ਹੈ ਕੜ੍ਹੀ ਪੱਤਾ

ਮੈਂ 22 ਸਾਲ ਪਹਿਲਾਂ ਪਹਿਲੀ ਵਾਰ ਕੜ੍ਹੀ ਪੱਤਾ ਪੂਣੇ ਦੀ ਸਬਜ਼ੀ ਮੰਡੀ 'ਚ ਦੇਖਿਆ। ਮਰਾਠੀ ਔਰਤਾਂ ਮਿਰਚਾਂ-ਧਨੀਆ-ਕੜ੍ਹੀ ਪੱਤੇ ਦੀਆਂ ਗੁੱਟੀਆਂ ਬਣਾ ਕੇ ਵੇਚ ਰਹੀਆਂ ਸਨ। ਮੈਨੂੰ ਬੜੀ ਹੈਰਾਨੀ ਹੋਈ, ਇਕ ਤੇ ਇਹ ਔਰਤਾਂ ਸਬਜ਼ੀਆਂ ਵੇਚ ਰਹੀਆਂ, ਦੂਜਾ ਧਨੀਆ-ਮਿਰਚਾਂ ਵੀ ਮੁੱਲ ਹੀ ਵਿਕਦੀਆਂ, ਸਾਡੇ ਐਧਰ ਪੰਜਾਬ 'ਚ ਤਾਂ ਸਬਜ਼ੀਆਂ ਨਾਲ

ਰਿਪਨਜੋਤ ਕੌਰ ਸੋਨੀ ਬੱਗਾ
ਫੋਨ : 9878753423

ਐਵੇਂ ਮੁਫਤ ਹੀ ਫੜਾ ਦਿੰਦੇ ਨੇ। ਭਾਵੇਂ ਅੱਜਕਲ੍ਹ ਤੇ ਨਹੀਂ ਦਿੰਦੇ ਕਿਉਂ ਜੋ ਸ਼ਹਿਰਾਂ 'ਚ ਭਈਆਂ ਨੇ ਇਹ ਕਾਰੋਬਾਰ ਸਾਂਭ ਲਿਆ ਹੈ। ਉਦੋਂ ਹੀ ਮੈਨੂੰ ਪਤਾ ਲੱਗਾ ਕਿ ਦੱਖਣੀ ਭਾਰਤ ਦੇ ਬਾਸ਼ਿੰਦੇ ਆਪਣੇ ਹਰ ਤਰ੍ਹਾਂ ਦੇ ਖਾਣੇ ਵਿੱਚ ਇਸ ਦਾ ਇਸਤੇਮਾਲ ਕਰਦੇ ਹਨ। ਉਦੋਂ ਮੈਨੂੰ ਸਿਰਫ ਏਨਾ ਹੀ ਪਤਾ ਸੀ ਕਿ ਇਸ ਨੂੰ ਸਵਾਦ ਅਤੇ ਮਹਿਕ ਵਾਸਤੇ ਹੀ ਵਰਤਿਆ ਜਾਂਦਾ ਹੈ। ਕੁਝ ਸਾਲ ਪਹਿਲਾਂ ਮੈਂ ਇਸ ਦੇ ਗੁਣਾਂ ਬਾਰੇ ਪੜ੍ਹਿਆ ਅਤੇ ਮਹਿਸੂਸ ਕੀਤਾ ਕਿ ਕੜ੍ਹੀ ਪੱਤਾ ਪੰਜਾਬੀਆਂ ਦੇ ਖਾਣੇ ਦਾ ਵੀ ਹਿੱਸਾ ਹੋਣਾ ਚਾਹੀਦਾ ਹੈ। ਸ਼ਹਿਰਾਂ ਵਿੱਚ ਮੈਂ ਇਹ ਕਾਫੀ ਘਰਾਂ 'ਚ ਲੱਗਾ ਦੇਖਿਆ ਪਰ ਪਿੰਡਾਂ 'ਚ ਸ਼ਾਇਦ ਇਸ ਦੀ ਵਰਤੋਂ ਬਾਰੇ ਜਾਗਰੂਕਤਾ ਨਹੀਂ ਹੈ।

ਸਦੀਆਂ ਤੋਂ ਇਹ ਭਾਰਤ ਦੇਸ਼ ਦੇ ਦਰਾਵਿੜ ਲੋਕ ਅਤੇ ਸ੍ਰੀਲੰਕਾ ਦੇ ਸਿਨਹਾਲੀ ਲੋਕਾਂ ਦੇ ਵਿਅੰਜਨਾਂ ਦਾ ਅਟੁੱਟ ਅੰਗ ਰਿਹਾ ਹੈ। ਭਾਵੇਂ ਉਹ ਸਾਂਭਰ (ਅਰਹਰ ਦੀ ਦਾਲ ਤੋਂ ਬਣਿਆ), ਰਸਮ ਹੋਵੇ ਜਾਂ ਕਰਾਰੇ ਆਲੂ, ਕੜ੍ਹੀ-ਪੱਤੇ ਦਾ ਤੜਕਾ ਇਸ ਦੇ ਸਵਾਦ ਨੂੰ ਵਧਾ ਦਿੰਦਾ ਹੈ।

ਇਹ ਦਰਮਿਆਨੇ ਕੱਦ ਦਾ ਪੌਦਾ ਹੁੰਦਾ ਹੈ ਜੋ ਕਿਧਰੇ ਵੀ ਆਸਾਨੀ ਨਾਲ ਉਗਾਇਆ ਜਾ ਸਕਦਾ ਹੈ।

ਕੜ੍ਹੀ ਪੱਤਾ ਉਗਾਉਣਾ ਬੜਾ ਆਸਾਨ ਹੈ। ਬਰਸਾਤਾਂ ਵਿੱਚ ਇਸ ਦੇ ਕਾਲੇ ਬੀਜਾਂ ਤੋਂ, ਇਕੋ ਪੌਦੇ ਥੱਲੇ ਸੈਂਕੜੇ ਪੌਦੇ ਉੱਗ ਪੈਂਦੇ ਹਨ। ਕੜ੍ਹੀ ਪੱਤਾ ਦਾ ਸਭ ਤੋਂ ਵੱਡਾ ਗੁਣ ਇਹ ਹੈ ਕਿ ਇਹ ਰੋਗਾਂ ਵਿਰੁੱਧ ਲੜਨ ਦੀ ਸ਼ਕਤੀ ਵਧਾਉਂਦਾ ਹੈ, ਜਿਸ ਦੀ ਅੱਜਕਲ੍ਹ ਬਹੁਤ ਜ਼ਰੂਰਤ ਹੈ। ਇਸ ਵਿੱਚ ਕੈਲਸ਼ੀਅਮ ਤੋਂ ਇਲਾਵਾ ਵਿਟਾਮਿਨ ਏ, ਬੀ, ਸੀ ਵੀ ਪਾਏ ਜਾਂਦੇ ਹਨ। ਵਿਟਾਮਿਨ ਏ, ਅੱਖਾਂ ਦੀ ਰੋਸ਼ਨੀ ਵਧਾਉਂਦਾ ਹੈ। ਕੜ੍ਹੀ-ਪੱਤਾ ਖੂਨ ਦੀ ਕਮੀਂ ਘਟਾਉਂਦੇ ਹਨ।

ਭਾਰ ਘਟਾਉਣ ਲਈ ਕੜ੍ਹੀ ਪੱਤਾ ਅਲੱਗ-ਅਲੱਗ ਰੂਪ ਵਿੱਚ ਲਗਾਤਾਰ ਖਾਣੇ ਵਿੱਚ ਵਰਤਿਆ ਜਾ ਸਕਦਾ ਹੈ। ਪਰ ਇਸ ਨਾਲ ਵਰਜ਼ਿਸ਼ ਅਤੇ ਸੈਰ ਕਰਨੀ ਵੀ ਜ਼ਰੂਰੀ ਹੈ।

ਵਾਲੇ ਮਰੀਜ਼ਾਂ ਨੂੰ ਜ਼ਰੂਰ ਖਾਣਾ ਚਾਹੀਦਾ ਹੈ ਕਿਉਂ ਜੋ ਇਸ ਵਿੱਚ ਲੋਹਾ, ਜ਼ਿੰਕ, ਕਾਪਰ ਦੇ ਤੱਤ ਮੌਜੂਦ ਹੁੰਦੇ ਹਨ।

ਮਨੁੱਖੀ ਪਾਚਣ ਪ੍ਰਣਾਲੀ ਨਾਲ ਸਬੰਧਿਤ ਬਿਮਾਰੀਆਂ ਜਿਵੇਂ ਕਿ ਕਬਜ਼, ਪੇਟ ਆਫਰਨਾ, ਦਸਤ ਲੱਗਣੇ ਆਦਿ ਦਾ ਰਾਮਬਾਣ ਇਲਾਜ ਹੈ। ਕੜ੍ਹੀ ਪੱਤੇ ਦੇ ਕੁੱਝ ਪੱਤੇ ਸਵੇਰੇ ਖਾਲੀ ਪੇਟ ਚਬਾਉਣਾ ਸਿਹਤ ਲਈ ਫਾਇਦੇਮੰਦ ਹਨ। ਜ਼ਿਆਦਾ ਪੇਟ ਦੀਆਂ ਬਿਮਾਰੀਆਂ ਬੈਕਟੀਰੀਆ ਕਾਰਨ ਹੁੰਦੀਆਂ ਹਨ। ਕੜ੍ਹੀ ਪੱਤੇ ਵਿੱਚ ਕਾਰਬਾਜੋਲ ਲੀਨੋਲਾਈਨ ਨਾਮਕ ਤੱਤ ਪਾਏ ਜਾਂਦੇ ਹਨ, ਜੋ ਕਿ ਸਾਡੇ ਸਰੀਰ ਵਿੱਚੋਂ ਹਾਨੀਕਾਰਕ ਫ੍ਰੀ ਰੈਡੀਕਲਜ਼, ਬੈਕਟੀਰੀਆ ਅਤੇ ਕੈਮੀਕਲ ਖਤਮ ਕਰਦੇ ਹਨ। ਪੱਤਿਆਂ ਦੀ ਮਹਿਕ ਲੀਨੋਲਾਈਨ ਕਰਕੇ ਹੁੰਦੀ ਹੈ ਅਤੇ ਇਹ ਚਿੰਤਾ, ਤਣਾਅ, ਦਬਾਅ ਵਰਗੀਆਂ ਬਿਮਾਰੀਆਂ ਨੂੰ ਦੂਰ ਕਰਦੀ ਹੈ।

ਸ਼ੂਗਰ, ਵੱਧ ਕੋਲੈਸਟਰੋਲ ਦੇ ਮਰੀਜ਼ ਵੀ ਕੜ੍ਹੀ ਪੱਤੇ ਦਾ ਸੇਵਨ ਕਰ ਸਕਦੇ ਹਨ। ਇਹ ਖੂਨ ਵਿੱਚ ਗੁਲੂਕੋਜ਼ ਦੀ ਮਾਤਰਾ

ਕੜ੍ਹੀ ਪੱਤੇ ਦਾ ਪਾਣੀ ਨਾਲ ਬਣਿਆ ਲੇਪ, ਵਾਲਾਂ ਦੀਆਂ ਜੜ੍ਹਾਂ ਵਿੱਚ ਲਗਾਉਣ ਨਾਲ ਵਾਲ ਸੰਘਣੇ ਹੁੰਦੇ ਹਨ, ਸਿਕਰੀ ਤੋਂ ਵੀ ਛੁਟਕਾਰਾ ਮਿਲਦਾ ਹੈ।

ਪੱਤਿਆਂ ਦਾ ਲੇਪ ਨਿੱਕੇ-ਮੋਟੇ ਜ਼ਖਮਾਂ, ਫੋੜੇ ਫਿਨਸੀਆਂ, ਛਾਲਿਆਂ ਉੱਤੇ ਪੂਰੀ ਰਾਤ ਲਗਾਉਣ ਨਾਲ ਉਹ ਠੀਕ ਹੋ ਜਾਂਦੇ ਹਨ। ਕੜ੍ਹੀ ਪੱਤੇ ਨੂੰ ਕਈ ਭਾਰਤੀ ਭਾਸ਼ਾਵਾਂ ਵਿੱਚ ਮਿੱਠੀ ਨਿੰਮ ਕਰਕੇ ਵੀ ਜਾਣਿਆ ਜਾਂਦਾ ਹੈ।

ਅਸੀਂ ਕੜ੍ਹੀ ਪੱਤੇ ਨੂੰ ਸਿੱਧਾ ਭੋਜਨ ਵਿੱਚ ਵੀ ਵਰਤ ਸਕਦੇ ਹਾਂ ਜਾਂ ਸੁਕਾ ਕੇ ਪਾਊਡਰ ਦੇ ਰੂਪ ਵਿੱਚ ਵਰਤ ਸਕਦੇ ਹਾਂ। ਸਭ ਤੋਂ ਆਸਾਨ ਤਰੀਕਾ ਹੈ ਕਿ ਲੋੜ ਅਨੁਸਾਰ ਸੁੱਕੇ ਪੱਤਿਆਂ ਨੂੰ ਗਰਮ ਮਸਾਲੇ ਵਿੱਚ ਮਿਲਾ ਲਵੋ। ਪੰਜਾਬ ਵਿੱਚ ਇਹ ਬੂਟਾ ਸਹਿਜੇ ਹੀ ਲਗਾਇਆ ਜਾ ਸਕਦਾ ਹੈ ਅਤੇ ਹਰ ਘਰ ਵਿੱਚ ਹੋਣਾ ਲਾਜ਼ਮੀ ਹੈ। ਸਭ ਤੋਂ ਵਧੀਆ ਗੱਲ ਹੈ ਕਿ ਕੁੱਝ ਪੱਤੇ ਸਵਖਤੇ ਖਾਲੀ ਪੇਟ ਖਾ ਲਵੋ ਅਤੇ ਤੰਦਰੁਸਤ ਰਹੋ ਅਤੇ ਬਿਮਾਰੀਆਂ ਤੋਂ ਦੂਰ ਰਹੋ।

ਬਾਕੀ ਸਫਾ 9 ਦੀ

ਕੱਦੂ ਜਾਤੀ ਦੀਆਂ ਸਬਜ਼ੀਆਂ ਦੀ ਕਾਸ਼ਤ

। ਇਨ੍ਹਾਂ ਖਾਦਾਂ ਵਿੱਚੋਂ 1/3 ਹਿੱਸਾ ਨਾਈਟ੍ਰੋਜਨ, ਸਾਰੀ ਫਾਸਫੋਰਸ ਅਤੇ ਪੋਟਾਸ਼ ਬਿਜਾਈ ਸਮੇਂ ਦੋ ਸਮਾਨਅੰਤਰ ਕਤਾਰਾਂ ਵਿੱਚ 15-15 ਸੈਂਟੀਮੀਟਰ ਦੇ ਫਾਸਲੇ ਤੇ ਪਾ ਕੇ ਖਾਲੀਆਂ ਵਿੱਚ ਪਾ ਦਿਉ। ਬਾਕੀ ਬਚੀ ਨਾਈਟ੍ਰੋਜਨ ਬਿਜਾਈ ਤੋਂ ਇਕ ਮਹੀਨੇ ਪਾ ਕੇ ਮਿੱਟੀ ਚੜ੍ਹਾ ਦਿਓ।

ਬੰਗਾ : 40 ਕਿਲੋ ਨਾਈਟ੍ਰੋਜਨ (90 ਕਿਲੋ ਯੂਰੀਆ), 20 ਕਿੱਲੋ ਸੁਪਰ ਫਾਸਫੋਰਸ (125 ਕਿਲੋ ਸੁਪਰ ਫਾਸਫੇਟ), 20 ਕਿਲੋ ਪੋਟਾਸ਼। (35 ਕਿਲੋ ਮਿਊਰੇਟ ਆਫ ਪੋਟਾਸ਼)। ਇਨ੍ਹਾਂ ਖਾਦਾਂ ਵਿੱਚੋਂ 1/3 ਹਿੱਸਾ ਨਾਈਟ੍ਰੋਜਨ, ਸਾਰੀ ਫਾਸਫੋਰਸ ਅਤੇ ਪੋਟਾਸ਼ ਬਿਜਾਈ ਸਮੇਂ ਨਿਸ਼ਾਨ ਤੋਂ 15-15 ਸੈਂਟੀਮੀਟਰ ਦੀ ਦੂਰੀ ਤੇ ਦੋ ਸਮਾਨਅੰਤਰ ਕਤਾਰਾਂ ਵਿੱਚ ਪਾ ਕੇ ਪਟੜੀਆਂ ਬਣਾਉ। ਬਾਕੀ ਬਚੀ ਨਾਈਟ੍ਰੋਜਨ ਵੇਲਾਂ ਦੇ ਅਗੇਤੇ ਵਾਧੇ ਸਮੇਂ ਭਾਵ ਬਿਜਾਈ ਤੋਂ ਇਕ ਮਹੀਨੇ ਬਾਅਦ ਪਾ ਕੇ ਮਿੱਟੀ ਚੜ੍ਹਾ ਦਿਓ।

ਸਿੰਚਾਈ : ਗਰਮੀਆਂ ਦੇ ਵਿਚ ਲੋੜ ਦੇ ਮੁਤਾਬਿਕ 4-5 ਦਿਨਾਂ ਬਾਅਦ ਫਸਲ ਨੂੰ ਸਿੰਚਾਈ ਕਰਨੀ ਚਾਹੀਦੀ ਹੈ। ਫਸਲ ਤਿਆਰ ਹੋਣ ਸਮੇਂ ਸਿੰਚਾਈ ਸਾਵਧਾਨੀ ਨਾਲ ਕਰਨੀ ਚਾਹੀਦੀ ਹੈ। ਫਲਾਂ ਨੂੰ ਪਾਣੀ ਦੇ ਸੰਪਰਕ ਵਿੱਚ ਆਉਣ ਤੋਂ ਬਚਾਉਣਾ ਚਾਹੀਦਾ ਹੈ, ਨਹੀਂ ਤਾਂ ਇਹ ਖਰਾਬ ਹੋ ਸਕਦੇ ਹਨ। ਬਰਸਾਤੀ ਫਸਲ ਨੂੰ ਮੀਂਹ ਤੋਂ ਵੀ ਲੋੜੀਂਦਾ ਪਾਣੀ ਪ੍ਰਾਪਤ ਹੋ ਜਾਂਦਾ ਹੈ। ਇਸ ਗੱਲ ਦਾ ਵਿਸ਼ੇਸ਼ ਧਿਆਨ ਰੱਖਣਾ ਚਾਹੀਦਾ ਹੈ ਕਿ ਪਾਣੀ ਖੇਤ ਵਿਚ ਖੜ੍ਹਾ ਨਾ ਰਹੇ। ਪਾਣੀ ਦੀ ਨਿਕਾਸੀ ਦਾ ਸੁਚੱਜਾ ਪ੍ਰਬੰਧ ਕਰਨਾ ਜ਼ਰੂਰੀ ਹੈ। ਪਹਿਲਾ ਪਾਣੀ ਬਿਜਾਈ ਦੇ ਤੁਰੰਤ ਬਾਅਦ ਲਗਾਉਣਾ ਚਾਹੀਦਾ ਹੈ ਤਾਂ ਜੋ ਬੀਜਾਂ ਦਾ ਅੰਕੁਰਣ ਚੰਗਾ ਹੋਵੇ। ਸਿੰਚਾਈ ਲਈ ਫੈਕਟਰੀਆਂ ਤੋਂ ਨਿਕਲਣ ਵਾਲੀ ਪ੍ਰਦੂਸ਼ਿਤ ਪਾਣੀ ਜਾਂ ਸੀਵਰੇਜ ਵਾਲਾ ਪਾਣੀ ਸਿੰਚਾਈ ਲਈ ਨਹੀਂ ਵਰਤਣਾ ਚਾਹੀਦਾ ਹੈ। ਇਸ ਦੇ ਨਾਲ ਫਸਲਾਂ ਰਾਹੀਂ ਮਨੁੱਖ ਅਤੇ ਪਸ਼ੂਆਂ ਵਿੱਚ ਕਈ ਗੰਭੀਰ ਬਿਮਾਰੀਆਂ ਹੋ ਸਕਦੀਆਂ ਹਨ।

★ ਇਸ ਤੋਂ ਇਲਾਵਾ ਜੇਕਰ ਬੂਟਿਆਂ ਨੂੰ ਵਿਰਲਾ ਕਰਨ ਦੀ ਲੋੜ ਹੋਵੇ ਤਾਂ ਬਿਜਾਈ ਤੋਂ 10-15 ਦਿਨ ਬਾਅਦ ਲੋੜ ਦੇ ਅਨੁਸਾਰ ਫਾਲਤੂ ਬੂਟਿਆਂ ਨੂੰ ਪੁੱਟ ਦੇਣਾ ਚਾਹੀਦਾ ਹੈ।

★ ਫਸਲ ਦੇ ਵਿੱਚ ਗੁਡਾਈ ਵੀ ਕਰਨੀ ਚਾਹੀਦੀ ਹੈ ਤਾਂ ਜੋ ਮਿੱਟੀ ਦੇ ਵਿਚ ਹਵਾ ਦੀ ਪੂਰਤੀ ਜਾਂ ਆਵਾਜਾਈ ਚੰਗੀ ਤਰ੍ਹਾਂ ਹੋ ਸਕੇ ਅਤੇ ਬੂਟਿਆਂ ਦੇ ਵਾਧੇ ਵਿੱਚ ਕੋਈ ਰੁਕਾਵਟ ਨਾ ਹੋਵੇ।

ਫਸਲ ਦੀ ਤੁੜਾਈ : ਫਲ ਜਦੋਂ ਚੰਗੀ ਤਰ੍ਹਾਂ ਤਿਆਰ ਹੋ ਜਾਣ ਤਾਂ ਇਹਨਾਂ ਦੀ ਤੁੜਾਈ ਕਰਨੀ ਚਾਹੀਦੀ ਹੈ। ਖੀਰਾ, ਘੀਆ, ਕਰੇਲਾ, ਤੋਰੀ, ਟੀਡਾ, ਪਰਬਲ ਆਦਿ ਨੂੰ ਜਦੋਂ ਇਹ ਨਰਮ, ਹਰੇ ਹੋਣ ਅਤੇ ਇਹਨਾਂ ਵਿਚਕਾਰ ਮੌਜੂਦ ਬੀਜ ਸਖਤ ਨਹੀਂ ਹੋਣਾ ਚਾਹੀਦਾ, ਤੁੜਾਈ ਕਰਨੀ ਚਾਹੀਦੀ ਹੈ। ਫਲਾਂ ਦਾ ਰੰਗ ਹਰੇ ਤੋਂ ਪੀਲਾ ਹੋਣ ਤੋਂ ਪਹਿਲਾਂ ਹੀ ਇਹਨਾਂ ਦੀ ਤੁੜਾਈ ਕਰ ਲੈਣੀ ਚਾਹੀਦੀ ਹੈ। ਖਰਬੂਜ਼ੇ ਦੀ ਤੁੜਾਈ ਉਸ ਵੇਲੇ ਕਰਨੀ ਚਾਹੀਦੀ ਹੈ, ਜਦੋਂ ਉਹ ਪੀਲੇ ਰੰਗ ਦਾ ਹੋ ਜਾਏ। ਪਰ ਮੰਡੀਆਂ ਤੱਕ ਭੇਜਣ ਲਈ ਹਰੇ ਰੰਗ ਦਾ ਫਲ ਤੋੜਨਾ ਚਾਹੀਦਾ ਹੈ। ਨੇੜੇ ਦੀਆਂ ਮੰਡੀਆਂ ਲਈ ਅੱਧ ਪੱਕੇ ਫਲ ਤੋੜਨ ਦੀ ਸਿਫਾਰਿਸ਼ ਕੀਤੀ ਜਾਂਦੀ ਹੈ। ਕੱਦੂ ਜਾਤੀ ਦੇ ਫਲਾਂ ਨੂੰ ਤੋੜਨ ਵੇਲੇ ਇਸ ਗੱਲ ਦਾ ਧਿਆਨ ਰੱਖਣਾ ਚਾਹੀਦਾ ਹੈ ਕਿ ਫਲ ਪੂਰੀ ਤਰ੍ਹਾਂ ਆਪਣਾ ਆਕਾਰ ਪ੍ਰਾਪਤ ਕਰ ਲੈਣ। ਤਰਬੂਜ਼ ਦੀ ਤੁੜਾਈ ਕਰਨ ਵੇਲੇ ਜੇਕਰ ਇਸਦੀਆਂ ਤੰਦਾਂ ਸੁੱਕ ਗਈਆਂ ਹੋਣ, ਫਲ ਦੇ ਜ਼ਮੀਨ ਨਾਲ ਲੱਗਦਾ ਭਾਗ ਪੀਲਾ ਹੋ ਜਾਵੇ ਅਤੇ ਫਲਾਂ ਨੂੰ ਜਦੋਂ ਹੱਥ ਨਾਲ ਟਕਰਾਇਆ ਜਾਵੇ ਤਾਂ ਇਕ ਆਵਾਜ਼ ਆਉਣੀ ਹੈ ਤਾਂ ਸਮਝੋ ਫਲ ਤੁੜਾਈ ਲਈ ਤਿਆਰ ਹਨ। ਇਸ ਗੱਲ ਦਾ ਵਿਸ਼ੇਸ਼ ਧਿਆਨ ਰੱਖਣਾ ਚਾਹੀਦਾ ਹੈ ਕਿ ਫਸਲ ਦੀ ਤੋੜਾਈ ਤੋਂ ਇਕ ਦਮ ਪਹਿਲਾਂ ਹਾਨੀਕਾਰਕ ਕੀਟਨਾਸ਼ਕਾਂ ਦੀ ਵਰਤੋਂ ਨਹੀਂ ਕਰਨੀ ਚਾਹੀਦੀ ਹੈ। ਅਜਿਹਾ ਕਰਨ ਨਾਲ ਇਹ ਜ਼ਹਿਰੀਲੇ ਕੀਟਨਾਸ਼ਕ ਮਨੁੱਖ ਲਈ ਜਾਨਲੇਵਾ ਸਾਬਿਤ ਹੋ ਸਕਦੇ ਹਨ। ਕੱਦੂ ਜਾਤੀ ਦੀ ਸਬਜ਼ੀਆਂ ਦੀ ਤੋੜਾਈ ਦੇ ਦੌਰਾਨ ਸਾਫ-ਸਫਾਈ ਦਾ ਵਿਸ਼ੇਸ਼ ਧਿਆਨ ਰੱਖਿਆ ਜਾਵੇ ਅਤੇ ਕੋਵਿਡ-19 ਵਾਇਰਸ ਤੋਂ ਬਚਾਅ ਲਈ ਸ਼ੋਸ਼ਲ ਡਿਸਟੈਂਸਿੰਗ ਦਾ ਖੇਤ, ਪੈਕਿੰਗ ਦੌਰਾਨ ਅਤੇ ਮੰਡੀਆਂ ਵਿੱਚ ਚੰਗੀ ਤਰ੍ਹਾਂ ਪਾਲਣ ਕੀਤਾ ਜਾਵੇ।

ਕਈਂ ਵਾਰ ਦੇਖਣ ਵਿੱਚ ਆਇਆ ਹੈ ਕਿ ਕੁੱਝ ਕਿਸਾਨ ਵਧੇਰੇ ਮੁਨਾਫਾ ਲੈਣ ਲਈ ਕੱਦੂ ਜਾਤੀ ਦੀਆਂ ਸਬਜ਼ੀਆਂ ਵਿੱਚ ਕਈ ਹਾਨੀਕਾਰਕ ਰਸਾਇਣਾਂ ਅਤੇ ਹਾਰਮੋਨਸ ਦਾ ਛਿੜਕਾਅ ਫਲਾਂ ਦੇ ਆਕਾਰ ਵਿੱਚ ਵਾਧਾ ਕਰਨ ਜਾਂ ਉਹਨਾਂ ਦੇ ਰੰਗ ਵਿੱਚ ਸੁਧਾਰ ਕਰਨ ਲਈ ਕਰਦੇ ਹਨ ਜੋ ਕਿ ਮਨੁੱਖ ਦੀ ਸਿਹਤ ਲਈ ਨੁਕਸਾਨਦਾਇਕ ਹੁੰਦਾ ਹੈ। ਇਸ ਲਈ ਕਿਸਾਨਾਂ ਨੂੰ ਇਸ ਤਰ੍ਹਾਂ ਦੀਆਂ ਗੈਰ ਸਿਫਾਰਿਸ਼ੀ ਅਤੇ ਅਨੈਤਿਕ ਗਤੀਵਿਧੀਆਂ ਕਰਨ ਤੋਂ ਗੁਰੇਜ਼ ਕਰਨਾ ਚਾਹੀਦਾ ਹੈ।

ਉਪਰ ਦੱਸੇ ਗਏ ਵਿਗਿਆਨਿਕ ਨੁਕਤੇ ਅਪਣਾ ਕੇ ਕਿਸਾਨ ਕੱਦੂ ਜਾਤੀ ਦੀ ਸਬਜ਼ੀਆਂ ਦਾ ਵਧੇਰਾ ਝਾੜ ਅਤੇ ਚੰਗੀ ਆਮਦਨ ਪ੍ਰਾਪਤ ਕਰ ਸਕਦੇ ਹਨ।

------- ਬਾਕੀ ਸਫਾ 2 ਦੀ -------

ਬਹੁਤ ਅਹਿਮ ਹੈ ਝੋਨੇ ਦੀ ਬਿਜਾਈ ਲਈ ਵਿਉਂਤਬੰਦੀ

ਪੂਸਾ ਬਾਸਮਤੀ-1121 ਲਈ 25 ਦਿਨ ਦੀ ਪਨੀਰੀ ਖੇਤ ਵਿੱਚ ਲਾਉਣ ਨਾਲ ਚੰਗੇ ਨਤੀਜੇ

ਮਿਲਦੇ ਹਨ।

ਝੋਨੇ ਵਿੱਚ ਰਲਾ/ਮਿਸ਼ਰਣ : ਝੋਨੇ ਦੀ ਫਸਲ ਵਿੱਚ ਰਲੇ/ਮਿਸ਼ਰਣ ਦਾ ਮਸਲਾ ਵੀ ਅਹਿਮ ਹੈ। ਆਮ ਦੇਖਣ ਵਿੱਚ ਆਇਆ ਹੈ ਕਿ ਕਿਸਾਨ ਵੀਰ ਸੁੱਕੇ ਖੇਤ ਨੂੰ ਵਾਹ ਕੇ ਬੀਜ ਦਾ ਛਿੱਟਾ ਦੇ ਕੇ ਪਨੀਰੀ ਬੀਜਦੇ ਹਨ ਜਿਸ ਨਾਲ ਪਿਛਲੇ ਸਾਲ ਦਾ ਕਿਰਿਆ ਬੀਜ ਵੀ ਜੰਮ ਪੈਂਦਾ ਹੈ ਜੋ ਕਿ ਰਲੇ ਦਾ ਕਾਰਣ ਬਣਦਾ ਹੈ। ਇਸ ਸਬੰਧ ਵਿੱਚ ਕਿਸਾਨ ਵੀਰਾਂ ਨੂੰ ਬੇਨਤੀ ਹੈ ਕਿ ਪਨੀਰੀ ਵਾਲੇ ਖੇਤ ਨੂੰ ਰੌਣੀ ਕਰਕੇ ਪਿਛਲੇ ਸਾਲ ਦੇ ਝੋਨੇ ਦੇ ਕਿਰੇ ਬੀਜ ਨੂੰ ਉਗਾਕੇ ਖਤਮ ਕਰਕੇ ਪਨੀਰੀ ਬੀਜੀ ਜਾਵੇ ਤਾਂ ਜੋ ਰਲਾ ਨਾ ਹੋਵੇ।

ਹੋਰ ਧਿਆਨ ਯੋਗ ਨੁਕਤੇ :

★ ਨਵੀਂ ਕਿਸਮ ਨੂੰ ਪਹਿਲੇ ਸਾਲ ਥੋੜ੍ਹੇ ਰਕਬੇ ਵਿੱਚ ਹੀ ਬੀਜਿਆ ਜਾਵੇ।

★ ਪਿਛਲੇ ਸਾਲਾਂ ਦੌਰਾਨ ਦੇਖਣ ਵਿੱਚ ਆਇਆ ਹੈ ਕਿ ਹਲਕੀਆਂ ਜ਼ਮੀਨਾਂ ਵਿੱਚ ਬੀਜੀ ਝੋਨੇ ਦੀ ਪਨੀਰੀ ਉਪਰ ਨਿਮਾਟੋਡ ਦਾ ਹਮਲਾ ਹੋ ਜਾਂਦਾ ਹੈ। ਜਿਸ ਨਾਲ ਪਨੀਰੀ ਧੌੜੀਆਂ ਵਿਚ ਪੀਲੀ ਪੈਣੀ ਸ਼ੁਰੂ ਹੋ ਜਾਂਦੀ ਹੈ ਅਤੇ ਉਸਦੀਆਂ ਜੜ੍ਹਾਂ ਉੱਪਰ ਗੰਢਾਂ ਬਣ ਜਾਂਦੀਆਂ ਹਨ। ਕੱਦੂ ਕਰਕੇ ਪਨੀਰੀ ਬੀਜਣ ਨਾਲ ਇਹ ਸਮੱਸਿਆ ਘੱਟ ਆਉਂਦੀ ਹੈ। ਜੇਕਰ ਪਿਛਲੇ ਸਾਲ ਅਜਿਹੀ ਅਲਾਮਤ ਤੁਹਾਡੇ ਖੇਤ ਵਿੱਚ ਆਈ ਹੋਵੇ ਤਾਂ ਪਨੀਰੀ ਬੀਜਣ ਤੋਂ 10 ਦਿਨ ਪਹਿਲਾਂ ਖੇਤ ਵਿੱਚ ਸਰੋਂ ਦੀ ਖਲ 40 ਗ੍ਰਾਮ ਪ੍ਰਤੀ ਵਰਗ ਮੀਟਰ (1 ਕਿਲੋ ਪ੍ਰਤੀ ਮਰਲਾ) ਦੇ ਹਿਸਾਬ ਨਾਲ ਪਾਓ। ਖਿਆਲ ਰਹੇ ਕਿ ਖੇਤ ਵਿੱਚ ਖਲ ਪਾਉਣ ਅਤੇ ਪਨੀਰੀ ਦੀ ਬਿਜਾਈ ਦਰਮਿਆਨ 10 ਦਿਨ ਦਾ ਵਕਫਾ ਜ਼ਰੂਰ ਰੱਖੋ।

★ ਰਸਾਇਣਾਂ ਵੀ ਵਰਤੋਂ ਲੋੜ ਮੁਤਾਬਿਕ ਹੀ ਕੀਤੀ ਜਾਵੇ ਕਿਉਂਕਿ ਇਹਨਾਂ ਦੀ ਬੇਲੋੜੀ ਵਰਤੋਂ ਵਾਧੂ ਖਰਚੇ ਦੇ ਨਾਲ-ਨਾਲ ਕੀੜਿਆਂ ਅਤੇ ਬਿਮਾਰੀਆਂ ਨੂੰ ਸੱਦਾ ਦਿੰਦੀ ਹੈ।

★ ਫਸਲ ਦਾ ਸਮੇਂ-ਸਮੇਂ ਤੇ ਨਿਰੀਖਣ ਕਰਦੇ ਰਹੋ। ਲੋੜ ਪੈਣ ਤੇ ਮਾਹਿਰਾਂ ਦੀ ਸਲਾਹ ਜ਼ਰੂਰ ਲਵੋ। ★ ਫਸਲ ਪੱਕਣ ਤੋਂ 15 ਦਿਨ ਪਹਿਲਾਂ ਸਿੰਚਾਈ ਬੰਦ ਕਰ ਦਿਉ।

ਛੁਟਕਾਰਾ ਪਾਓ ਘਰੇਲੂ ਕੀੜੇ-ਮਕੌੜਿਆਂ ਤੋਂ

ਘਰ 'ਚ ਜੇਕਰ ਕੀੜੇ-ਮਕੌੜੇ ਹੋਣ ਤਾਂ ਉਨ੍ਹਾਂ ਨੂੰ ਦੇਖ ਕੇ ਮਨ ਵਿੱਚ ਘਿ੍ਣਾ ਪੈਦਾ ਹੁੰਦੀ ਰਹਿੰਦੀ ਹੈ ਪਰ ਇਨ੍ਹਾਂ ਤੋਂ ਛੁਟਕਾਰਾ ਪਾਉਣਾ ਸੌਖਾ ਨਹੀਂ ਹੈ। ਇਨ੍ਹਾਂ ਨਾਲ ਕਿਸ ਤਰ੍ਹਾਂ ਨਿਪਟਿਆ ਜਾਵੇ, ਕੁਝ ਜ਼ਰੂਰੀ ਜਾਣਕਾਰੀਆਂ ਨਾਲ ਤੁਸੀਂ ਵੀ ਲਾਭ ਲੈ ਸਕਦੇ ਹੋ :

★ ਰਸੋਈ 'ਚੋਂ ਮੱਖੀ, ਮੱਛਰ ਭਜਾਉਣ ਲਈ ਇਕ ਚਮਚ ਕੌਫੀ ਪਾਊਡਰ ਨੂੰ ਤਵੇ 'ਤੇ ਸਾੜੋ ਅਤੇ ਉਸ ਦੀ ਧੂਣੀ ਦਿਓ।

★ ਸ਼ਹਿਦ ਨੂੰ ਕੀੜੀਆਂ ਤੋਂ ਬਚਾਉਣ ਲਈ ਉਸ 'ਚ ਦੋ-ਚਾਰ ਦਾਣੇ ਲੌਂਗ ਦੇ ਪਾਓ। ਕੀੜੀਆਂ ਸ਼ਹਿਦ 'ਤੇ ਨਹੀਂ ਆਉਂਣਗੀਆਂ।

★ ਕੀੜੀਆਂ ਦੇ ਨਿਕਲਣ ਵਾਲੇ ਥਾਂ 'ਤੇ ਬੋਰੈਕਸ ਪਾਊਡਰ ਜਾਂ ਹਲਦੀ ਛਿੜਕੋ। ਕੀੜੀਆਂ ਆਪਣੇ ਘਰ ਤੋਂ ਬਾਹਰ ਨਹੀਂ ਨਿਕਲ ਪਾਉਣਗੀਆਂ।

★ ਚੀਨੀ ਦੇ ਡੱਬੇ ਨੂੰ ਕੀੜੀਆਂ ਤੋਂ ਬਚਾਉਣ ਲਈ ਕਪੂਰ ਦੀਆਂ ਪੁੜੀਆਂ ਚੀਨੀ ਦੇ ਡੱਬੇ ਵਿੱਚ ਰੱਖ ਦਿਓ।

★ ਮੱਛਰ ਮਾਰਨ ਦੀਆਂ ਟਿੱਕੀਆਂ ਨੂੰ ਸੁੱਟੋ ਨਾ, ਉਨ੍ਹਾਂ ਨੂੰ ਇਕੱਠਾ ਕਰਕੇ ਦਿਨ ਵਿੱਚ ਜਲਾ ਦਿਉ। ਉਸ ਸਮੇਂ ਪੱਖੇ ਅਤੇ ਬਿਜਲੀ ਨੂੰ ਬੰਦ ਕਰ ਦਿਉ। ਮੱਛਰ ਭੱਜ ਜਾਣਗੇ।

★ ਪਲੰਘਾਂ ਦੇ ਹੇਠਾਂ ਪਿਆਜ਼ ਦਾ ਰਸ ਛਿੜਕਣ ਨਾਲ ਮੱਛਰ ਸੌਖਿਆਂ ਭੱਜ ਜਾਂਦਾ ਹੈ।

★ ਅਲਮਾਰੀ ਵਿੱਚ ਤੇਜ ਪੱਤੇ ਦੇ ਪੱਤਿਆਂ ਦਾ ਗੁੱਛਾ ਲਟਕਾਉਣ ਨਾਲ ਉਸ ਵਿੱਚ ਮੱਖੀ, ਮੱਛਰ, ਕੀੜੀਆਂ ਦਾਖਲ ਨਹੀਂ ਹੁੰਦੀਆਂ।

★ ਚੂਹੇਦਾਨੀ ਵਿੱਚ ਰੋਟੀ ਦੇ ਟੁਕੜੇ ਨੂੰ ਜੈਮ ਜਾਂ ਮੱਖਣ ਨਾਲ ਚੋਪੜ ਦਿਓ, ਚੂਹੇ ਚੂਹੇਦਾਨੀ ਵਿੱਚ ਰੋਟੀ ਖਾਣ ਆਉਣਗੇ ਅਤੇ ਫਸ ਜਾਣਗੇ।

★ ਕਿਤਾਬਾਂ ਦੇ ਰੈਕ 'ਤੇ ਅਤੇ ਕੱਪੜਿਆਂ ਦੀਆਂ ਅਲਮਾਰੀਆਂ ਵਿਚ ਫਿਨਾਇਲ ਦੀਆਂ ਗੋਲੀਆਂ ਰੱਖ ਦੇਣ ਨਾਲ ਚੂਹੇ ਭੱਜ ਜਾਣਗੇ।

★ ਬੋਰਿਕ ਐਸਿਡ ਪਾਊਡਰ ਨੂੰ ਆਟੇ ਵਿੱਚ ਮਿਲਾ ਕੇ ਦੁੱਧ ਨਾਲ ਗੁੰਨ੍ਹ ਕੇ ਗੋਲੀਆਂ ਬਣਾ ਲਓ। ਜਿਹੜੀ ਥਾਂ 'ਤੇ ਕਾਕਰੋਚ ਆਉਂਦੇ ਹੋਣ, ਉੱਥੇ ਗੋਲੀਆਂ ਚਿਪਕਾ ਦਿਓ, ਕਾਕਰੋਚ ਭੱਜ ਜਾਣਗੇ।

★ ਮੱਛਰਾਂ ਨੂੰ ਭਜਾਉਣ ਵਾਲਾ ਤਰਲ ਖਤਮ ਹੋਣ 'ਤੇ ਮੱਛਰ ਵਾਲੀ ਮਸ਼ੀਨ ਦੇ ਮੂੰਹ 'ਤੇ ਮੱਛਰ ਮਾਰਨ ਵਾਲੀ ਟਿੱਕੀ ਰੱਖ ਕੇ ਮਸ਼ੀਨ ਚਲਾ ਦਿਓ। ਮੱਛਰ ਦੂਰ ਭੱਜ ਜਾਣਗੇ। ਨਾਈਟ ਲੈਂਪ 'ਤੇ ਵੀ ਟਿੱਕੀ ਰੱਖ ਕੇ ਮਸ਼ੀਨ ਦਾ ਕੰਮ ਲਿਆ ਜਾ ਸਕਦਾ ਹੈ।

★ ਰਸੋਈ, ਇਸ਼ਨਾਨ ਘਰ ਅਤੇ ਟਾਇਲਟ ਦੀਆਂ ਨਾਲੀਆਂ ਦੀ ਜਾਲੀ 'ਤੇ ਮਹੀਨੇ ਵਿੱਚ ਇਕ ਵਾਰ ਰਾਤ ਨੂੰ ਦੋ-ਦੋ ਨੈਫਥਲੀਨ ਦੀਆਂ ਗੋਲੀਆਂ ਰੱਖੋ। ਸਵੇਰੇ ਨਾਲੀ ਵਿੱਚ ਸੁੱਟ ਦਿਓ। ਇਸ ਤਰ੍ਹਾਂ ਨਾਲੀ ਜ਼ਰੀਏ ਆਉਣ ਵਾਲੇ ਕੀੜੇ-ਮਕੌੜੇ, ਕਾਕਰੋਚ ਨਹੀਂ ਆਉਣਗੇ।

★ ਮਿਕਸੀ, ਟੋਸਟਰ ਦੇ ਪੇਚ ਖੋਲ ਕੇ ਉਸ ਵਿੱਚ ਨੈਫਥਲੀਨ ਦੀਆਂ ਗੋਲੀਆਂ ਨੂੰ ਦੋ ਟੁੱਕੜਿਆਂ ਵਿੱਚ ਤੋੜ ਕੇ ਮੋਟਰ ਵਿੱਚ ਰੱਖ ਦਿਓ, ਜਿਸ ਨਾਲ ਕਾਕਰੋਚ ਉਸ ਵਿੱਚ ਦਾਖਲ ਨਹੀਂ ਹੋ ਸਕਦੇ ਅਤੇ ਅੰਡੇ ਦੇਣ ਲਈ ਵੀ ਉਨ੍ਹਾਂ ਨੂੰ ਸੁਰੱਖਿਅਤ ਥਾਂ ਨਹੀਂ ਮਿਲੇਗਾ।

★ ਕੀੜੀਆਂ ਜ਼ਿਆਦਾ ਹੋਣ 'ਤੇ ਇਕ ਸਪੰਜ ਨੂੰ ਮਿੱਠੇ ਪਾਣੀ ਨਾਲ ਭਿਉਂ ਕੇ ਕੀੜੀਆਂ ਦੇ ਨਿਕਲਣ ਵਾਲੀ ਥਾਂ ਤੇ ਰੱਖ ਦਿਓ। ਕੀੜੀਆਂ ਥੋੜ੍ਹੀ ਦੇਰ ਵਿੱਚ ਸਪੰਜ 'ਤੇ ਚੰਬੜ ਜਾਣਗੀਆਂ।

★ ਫਟਕਰੀ, ਫਿਨਾਇਲ ਅਤੇ ਮਿੱਟੀ ਦਾ ਤੇਲ ਨਾਲ ਫਰਸ਼ 'ਤੇ ਪੋਚਾ ਲਗਾਓ। ਮੱਖੀਆਂ ਨਹੀਂ ਆਉਣਗੀਆਂ।

- ਨੀਤੂ ਗੁਪਤਾ

ਤੰਦਰੁਸਤੀ ਦੇ ਗੁਣਾਂ ਦੀ ਖਾਣ ਹੈ - ਨਿੰਮ

ਨਿੰਮ ਦਾ ਦਰੱਖਤ ਅਨੇਕਾਂ ਤੰਦਰੁਸਤੀ ਦੇ ਗੁਣਾਂ ਦੀ ਖਾਣ ਹੈ। ਨਿੰਮ ਦੇ ਸਾਰੇ ਅੰਗ ਭਾਵ ਪੱਤੇ, ਫੁੱਲ, ਲੱਕੜ ਆਦਿ ਨੂੰ ਦਵਾਈਆਂ ਦੇ ਰੂਪ ਵਿੱਚ ਵਰਤਿਆ ਜਾਂਦਾ ਹੈ। ਨਿੰਮ ਦੇ ਫੱਲ ਜਿਸ ਨੂੰ ਨਿਮੌਲੀ ਵੀ ਕਹਿੰਦੇ ਹਨ, ਵਿਚੋਂ ਬੀਜ ਨਿਕਲਦਾ ਹੈ ਜਿਸ ਵਿਚੋਂ ਤੇਲ ਕਢਿਆ ਜਾਂਦਾ ਹੈ। ਨਿੰਮ ਤੇ ਤਣੇ ਤੋਂ ਗੂੰਦ ਮਿਲਦੀ ਹੈ। ਚਮੜੀ ਦੇ ਰੋਗਾਂ ਲਈ ਇਸ ਨੂੰ ਸਰਬ ਉੱਤਮ ਦਵਾਈ ਮੰਨਿਆ ਗਿਆ ਹੈ। ਕੁਦਰਤੀ ਇਲਾਜ ਪ੍ਰਣਾਲੀ ਵਿਚ ਵੀ ਨਿੰਮ ਦੇ ਪਾਣੀ ਨਾਲ ਨਹਾਉਣਾ, ਨਿੰਮ ਦੇ ਪਾਣੀ ਦਾ ਅਨੀਮਾ ਅਤੇ ਔਰਤਾਂ ਦੇ ਰੋਗਾਂ ਨੂੰ ਠੀਕ ਕਰਨ ਲਈ ਨਿੰਮ ਦੇ ਪਾਣੀ ਦੀ ਵੇਜਾਇਨਲ ਡੂਸ਼ ਦਿੱਤੀ ਜਾਂਦੀ ਹੈ।

ਬਵਾਸੀਰ ਵਰਗੇ ਦੁਖਦਾਈ ਰੋਗ ਦੇ ਇਲਾਜ ਲਈ ਡਾਕਟਰ ਨਾਲ ਸਲਾਹ ਕਰ ਕੇ ਨਿੰਮ ਅਤੇ ਕਨੇਰ ਦੇ ਪੱਤੇ ਬਰਾਬਰ ਮਾਤਰਾ ਵਿੱਚ ਲੈ ਕੇ ਪੀਸ ਲਉ ਅਤੇ ਫਿਰ ਇਸ ਨੂੰ ਬਵਾਸੀਰ ਤੋਂ ਪ੍ਰਭਾਵਤ ਜਗ੍ਹਾ 'ਤੇ ਲਗਾਉ। ਇਸ ਨਾਲ ਦਰਦ ਵੀ ਘਟੇਗਾ ਅਤੇ ਰੋਗ ਵੀ। ਨਿੰਮ ਦੇ ਪੱਤੇ ਅਤੇ ਮੂੰਗੀ ਦੀ ਦਾਲ ਨੂੰ ਮਿਲਾ ਕੇ ਪੀਸ ਕੇ ਬਿਨਾਂ ਮਸਾਲਾ ਪਾਏ ਤਲ ਕੇ ਖਾਣ ਨਾਲ ਵੀ ਬਵਾਸੀਰ ਨੂੰ ਆਰਾਮ ਮਿਲਦਾ ਵੇਖਿਆ ਗਿਆ ਹੈ। ਇਸ ਦੌਰਾਨ ਮਰੀਜ਼ ਆਪਣੇ ਭੋਜਨ ਵਿੱਚ ਲੱਸੀ ਅਤੇ ਚਾਵਲ ਵੀ ਸ਼ਾਮਲ ਕਰੇ। ਮਸਾਲਿਆਂ ਦੀ ਵਰਤੋਂ ਬਹੁਤ ਹੀ ਘੱਟ ਕਰੋ। ਜੇ ਹੋ ਸਕੇ ਤਾਂ ਬਿਲਕੁਲ ਨਾ ਕਰੋ।

ਬੁਖਾਰ ਜਾਂ ਮਲੇਰੀਆ ਹੋਣ 'ਤੇ ਡਾਕਟਰ ਦੀ ਸਲਾਹ ਨਾਲ ਨਿੰਮ ਦਾ ਕਾੜ੍ਹਾ ਦਿੱਤਾ ਜਾ ਸਕਦਾ ਹੈ। ਇਸ ਕਾੜ੍ਹੇ ਨੂੰ ਬਣਾਉਣ ਦਾ ਇਕ ਢੰਗ ਹੈ : ਇਕ ਗਲਾਸ ਪਾਣੀ ਵਿੱਚ ਨਿੰਮ ਦੇ ਪੱਤੇ, ਨਿਮੌਲੀਆਂ, ਕਾਲੀਆਂ ਮਿਰਚਾਂ, ਤੁਲਸੀ, ਸੁੰਢ, ਚਿਰਾਇਤਾ ਬਰਾਬਰ ਮਾਤਰਾ ਵਿੱਚ ਪਾ ਕੇ ਉਬਾਲੋ। ਇਸ ਕਾੜ੍ਹੇ ਨੂੰ ਏਨੀ ਦੇਰ ਉਬਾਲੋ ਜਦੋਂ ਤੱਕ ਅੱਧਾ ਪਾਣੀ ਭਾਫ ਬਣ ਕੇ ਉੱਡ ਨਾ ਜਾਵੇ। ਬਾਅਦ ਵਿੱਚ ਇਸ ਕਾੜ੍ਹੇ ਨੂੰ ਛਾਣ ਕੇ ਰੋਗੀ ਨੂੰ ਦਿਨ ਵਿੱਚ ਤਿੰਨ ਚਾਰ ਵਾਰ ਇਕ ਦੋ ਚਮਚ ਪਿਲਾਉਣ ਨਾਲ ਮਲੇਰੀਆ ਵਰਗੇ ਬੁਖਾਰ ਵਿੱਚ ਬਹੁਤ ਫਾਇਦਾ ਹੁੰਦਾ ਹੈ। ਦੰਦਾਂ ਅਤੇ ਮਸੂੜਿਆਂ ਦੇ ਰੋਗਾਂ ਦੇ ਇਲਾਜ ਵਿੱਚ ਨਿੰਮ ਦੀ ਬਣੀ ਦਾਤਨ ਦਾ ਕੋਈ ਮੁਕਾਬਲਾ ਨਹੀਂ। ਨਿੰਮ ਦੀਆਂ ਪੱਤੀਆਂ ਨੂੰ ਉਬਾਲ ਕੇ ਅਤੇ ਠੰਢਾ ਕਰ ਕੇ ਚਬਾਉਣ ਨਾਲ ਪਾਇਰੀਆ ਤੋਂ ਆਰਾਮ ਮਿਲਦਾ ਹੈ। ਨਿੰਮ ਦੇ ਫੁੱਲ ਦੇ ਕਾੜ੍ਹੇ ਦੇ ਗਰਾਰੇ ਕਰਨ ਅਤੇ ਨਿੰਮ ਦੀ ਦਾਤਨ ਦੀ ਵਰਤੋਂ ਕਰਨ ਨਾਲ ਅਸੀਂ ਦੰਦਾਂ ਅਤੇ ਮਸੂੜਿਆਂ ਦੇ ਰੋਗਾਂ ਤੋਂ ਬਚ ਸਕਦੇ ਹਾਂ।

ਦਿਲਚਸਪ ਗੱਲਾਂ ਬਰਫ ਦੀਆਂ

ਇਕ ਅਜਿਹਾ ਵੀ ਸਮਾਂ ਸੀ ਜਦੋਂ ਬਰਫ ਇਕ ਦੁਰਲਭ ਚੀਜ਼ ਸੀ, ਜਿਸ ਨੂੰ ਅਮਰੀਕਾ ਤੋਂ ਖਰੀਦਿਆ ਜਾਂਦਾ ਸੀ। 1833 'ਚ ਬੋਸਟਨ 'ਚ ਰਹਿਣ ਵਾਲਾ ਫ੍ਰੈਡ੍ਰਿਕ, ਟਿਊਡੋਰ ਨਾਂ ਦਾ ਇਕ ਵਪਾਰੀ ਬਰਫ ਨਾਲ ਲੱਦੇ ਜਹਾਜ਼ ਲੈ ਕੇ ਕਲਕੱਤਾ ਪਹੁੰਚਿਆ। ਭਾਰਤ ਤੱਕ ਬਰਫ ਲਿਆਉਣਾ ਆਸਾਨ ਨਹੀਂ ਸੀ, ਜਿੱਥੋਂ ਤੱਕ ਕਿ ਟਿਊਡੋਰ ਵਰਗੇ ਇਕ ਸਾਹਸੀ ਅਤੇ ਉੱਦਮੀ ਵਿਅਕਤੀ ਲਈ ਵੀ। ਕਿਹਾ ਜਾਂਦਾ ਹੈ ਕਿ ਸਫਲਤਾ ਪ੍ਰਾਪਤ ਕਰਨ ਤੋਂ ਪਹਿਲਾਂ ਉਹ 20 ਵਾਰ ਅਸਫਲ ਹੋਇਆ। ਚੁਣੌਤੀ ਕਲੱਕਤਾ ਤੱਕ 2 ਮਹੀਨੇ ਦੀ ਪੂਰੀ ਯਾਤਰਾ ਦੌਰਾਨ ਬਰਫ ਨੂੰ ਪਿਘਲਣ ਤੋਂ ਬਚਾਉਣ ਦੀ ਸੀ।

ਬਰਫ ਦੇ ਮਾਮਲੇ 'ਚ ਟਿਊਡੋਰ ਕਿਸਮਤ ਵਾਲਾ ਰਿਹਾ। ਉਹ ਮੈਸਾਚੁਸੇਟਸ 'ਚ ਰਹਿੰਦਾ ਸੀ, ਜਿੱਥੋਂ ਦਾ ਵਾਤਾਵਰਣ ਬਰਫ ਪੈਦਾ ਕਰਨ ਦੇ ਅਨੁਕੂਲ ਸੀ। ਬਰਫ ਨੂੰ ਉਥੇ ਵਾਲਡੇਨ ਪੌਂਡ ਨਾਂ ਦੀ ਇਕ ਝੀਲ ਤੋਂ ਕੱਟਿਆ ਜਾਂਦਾ ਸੀ। ਇਸ ਤੋਂ ਇਲਾਵਾ ਬੋਸਟਲ ਦੀ ਬੰਦਰਗਾਹ ਵੀ ਨੇੜੇ ਹੀ ਸੀ।

ਕਿਸੇ ਸਮੇਂ ਅਮਰੀਕਾ ਤੋਂ ਬਰਫ ਭਾਰਤ ਲਿਆਈ ਜਾਂਦੀ ਸੀ

ਅਮਰੀਕਾ ਤੋਂ ਭਾਰਤ ਤੱਕ ਦਾ ਮਾਰਗ ਬਹੁਤ ਲੰਬਾ ਸੀ। ਰਿਕਾਰਡਸ ਦੇ ਅਨੁਸਾਰ ਬਰਫ ਨੂੰ ਪਿਘਲਣ ਤੋਂ ਬਚਾਉਣ ਲਈ ਉਸ ਨੂੰ ਫਲਾਈ ਐਸ਼ ਜਾਂ ਨਮਕ ਨਾਲ ਢਕਿਆ ਜਾਂਦਾ ਅਤੇ ਫਿਰ ਜੂਟ 'ਚ ਲਪੇਟਿਆ ਜਾਂਦਾ। ਟਿਊਡੋਰ ਨੇ ਅਗਲੇ 2 ਦਹਾਕਿਆਂ 'ਚ ਇੰਨਾ ਜ਼ਿਆਦਾ ਲਾਭ ਕਮਾਇਆ ਕਿ ਉਸ ਨੂੰ 'ਆਈਸ ਕਿੰਗ' ਦੇ ਨਾਂ ਨਾਲ ਜਾਣਿਆ ਜਾਣ ਲੱਗਾ। ਇਹ ਵਪਾਰ ਲਗਭਗ 50 ਸਾਲਾਂ ਤੱਕ ਜਾਰੀ ਰਿਹਾ। ਬਰਫ ਦੀ ਕੀਮਤ ਸਿਰਫ 4 ਆਨੇ ਪ੍ਰਤੀ ਪੌਂਡ (ਲਗਭਗ ਅੱਧਾ ਕਿਲੋ) ਸੀ। ਜੋ ਚਿਨਸੁਰਾਹ (ਪੱਛਮੀ ਬੰਗਾਲ ਦਾ ਇਕ ਸ਼ਹਿਰ) ਬਰਫ ਤੋਂ ਬਹੁਤ ਘੱਟ ਸੀ। ਬਾਅਦ 'ਚ ਇਸ ਦੀ ਕੀਮਤ ਹੋਰ ਘੱਟ ਕੇ ਸਿਰਫ 2 ਆਨਾ ਪ੍ਰਤੀ ਪੌਂਡ ਰਹਿ ਗਈ।

ਇਸ ਤੋਂ ਪਹਿਲਾਂ ਕੋਲਕਾਤਾ ਵਿੱਚ ਟੋਇਆਂ 'ਚ ਪਾਣੀ ਭਰ ਕੇ ਵੀ ਬਰਫ ਤਿਆਰ ਕੀਤੀ ਜਾਂਦੀ ਸੀ, ਪਰ ਉਹ ਮਟਮੈਲੀ ਅਤੇ ਗੰਦੀ ਹੋਇਆ ਕਰਦੀ ਸੀ। ਜਿਸ ਦੀ ਵਰਤੋਂ ਵੀ ਸੰਭਵ ਨਹੀਂ ਸੀ। ਅਜਿਹੇ 'ਚ ਅਮਰੀਕਾ ਤੋਂ ਆਉਣ ਵਾਲੀ ਬਹੁਤ ਚੰਗੀ ਕੁਆਲਿਟੀ ਦੀ ਬਰਫ ਦੀ ਮੰਗ ਕਾਫੀ ਵਧ ਗਈ ਸੀ।

ਰਿਕਾਰਡਸ ਦਰਸਾਉਂਦੇ ਹਨ ਕਿ ਉਸ ਸਮੇਂ ਦੇ ਦੌਰਾਨ ਬਰਫ ਦੀ ਮੰਗ ਇੰਨੀ ਵਧ ਸੀ ਅਤੇ ਕਈ ਵਾਰ ਰਾਸ਼ਨ ਦੀ ਤਰ੍ਹਾਂ ਇਸ ਦੀ ਜ਼ਿਆਦਾਤਰ ਖਰੀਦ ਕਿਸੇ ਹਦ ਤੱਕ ਨਿਰਧਾਰਿਤ ਕਰ ਦਿੱਤੀ ਜਾਂਦੀ ਸੀ, ਕਿਉਂਕਿ ਜਹਾਜ਼ ਪਹੁੰਚਣ 'ਚ ਦੇਰੀ ਹੋ ਜਾਂਦੀ ਸੀ ਅਤੇ ਬਰਫ ਦਾ ਸੰਕਟ ਪੈਦਾ ਹੋ ਜਾਂਦਾ ਸੀ।

ਬਰਫ ਹਾਸਿਲ ਕਰਨ ਲੋਕਾਂ ਨੂੰ ਡਾਕਟਰ ਦਾ ਸਰਟੀਫਿਕੇਟ ਪੇਸ਼ ਕਰਨਾ ਪੈਂਦਾ ਸੀ। ਕਲਕੱਤਾ ਵਿੱਚ ਰਹਿਣ ਵਾਲੇ ਅੰਗਰੇਜ਼ਾਂ ਨੇ ਬਰਫ ਦੀ ਖੇਪ ਨੂੰ ਬਚਾਉਣ ਲਈ ਆਈਸ-ਹਾਊਸ ਵੀ ਬਣਾਇਆ ਸੀ। ਫਿਰ ਕਈਂ ਬੰਗਾਲੀ ਕਾਰੋਬਾਰੀ ਵੀ ਇਸ ਵਪਾਰ 'ਚ ਸ਼ਾਮਲ ਹੋ ਗਏ। ਬਰਫ ਨੂੰ ਕਲਕੱਤਾ ਤੋਂ ਮਦਰਾਸ ਅਤੇ ਬੰਬਈ ਵੀ ਭੇਜਿਆ ਜਾਂਦਾ ਸੀ।

ਅਕਬਰ ਦੇ ਜ਼ਮਾਨੇ 'ਚ ਕੁਲਫੀ

ਬਿਨਾਂ ਫਰਿੱਜ਼ ਦੇ ਵੀ ਬਾਦਸ਼ਾਹ ਅਕਬਰ ਕੁਲਫੀ ਦਾ ਮਜ਼ਾ ਉਠਾਉਂਦੇ ਸਨ। 'ਕੁਲਫੀ' ਇਕ ਫਾਰਸੀ ਸ਼ਬਦ ਹੈ ਜਿਸ ਦਾ ਅਰਥ ਹੈ 'ਕੋਨ ਦੇ ਆਕਾਰ ਦਾ ਕੱਪ'। ਅਕਬਰ ਦੇ ਮੰਤਰੀ ਅਬੁਲ ਫਜ਼ਲ ਨੇ ਕੁਲਫੀ ਬਣਾਉਣ ਦੀ ਵਿੱਧੀ ਨੂੰ, ਅੱਜ ਤੋਂ 500 ਸਾਲ ਪਹਿਲਾਂ ਉਨ੍ਹਾਂ ਦੀ ਜੀਵਨੀ 'ਆਈਨਾ-ਏ-ਅਕਬਰੀ' ਵਿੱਚ ਲਿਖ ਦਿੱਤਾ ਸੀ। ਇਸ 'ਚ ਕੁਲਫੀ ਪ੍ਰਤੀ ਅਕਬਰ ਦੇ ਪ੍ਰੇਮ ਨੂੰ ਵੀ ਦੱਸਿਆ ਗਿਆ ਹੈ।

ਅਕਬਰ ਕਾਲ 'ਚ ਕਾਫੀ ਮਸ਼ੱਕਤ ਦੇ ਨਾਲ ਹਿਮਾਲਯ ਤੋਂ ਬਰਫ ਮੰਗਵਾਈ ਜਾਂਦੀ ਸੀ। ਆਗਰਾ ਤੋਂ ਹਿਮਾਲਯ ਪਹਾੜ ਲਗਭਗ 500 ਮੀਲ ਦੂਰ ਹੈ। ਬੁਰਾਦੇ ਅਤੇ ਜੂਟ ਦੇ ਕੱਪੜੇ 'ਚ ਲਪੇਟ ਕੇ ਬਰਫ ਨੂੰ ਹਿਮਾਲਯ ਪਹਾੜ ਤੋਂ ਆਗਰਾ ਤੱਕ ਲਿਆਇਆ ਜਾਂਦਾ ਸੀ। ਦੂਰੀ ਬਹੁਤ ਹੋਣ ਦੇ ਕਾਰਨ ਬਰਫ ਦੀ ਬਹੁਤ ਵੱਡੀ ਸਿੱਲੀ ਆਗਰਾ ਪਹੁੰਚਦੇ-ਪਹੁੰਚਦੇ ਛੋਟੀ ਜਿਹੀ ਰਹਿ ਜਾਂਦੀ ਸੀ। ਜਿੱਥੇ ਉਸ ਨੂੰ ਇਕ ਸੁਰੱਖਿਅਤ ਕਮਰੇ 'ਚ ਰੱਖ ਦਿੱਤਾ ਜਾਂਦਾ ਸੀ ਤਾਂ ਕਿ ਉਹ ਪਿਘਲ ਨਾ ਸਕੇ।

ਇਕ ਹੋਰ ਮਜ਼ੇ ਦੀ ਗੱਲ ਹੈ ਕਿ ਅਕਬਰ ਕਾਲ 'ਚ ਕਦੇ-ਕਦੇ 'ਸਾਲਟ ਪੀਟਰ' ਨਾਂ ਦੇ ਕੈਮੀਕਲ ਦੀ ਵਰਤੋਂ ਕੀਤੀ ਜਾਂਦੀ ਸੀ, ਜਿਸ ਨੂੰ ਪਾਣੀ 'ਚ ਮਿਲਾ ਕੇ ਉਸ ਨੂੰ ਜਮਾਇਆ ਜਾਂਦਾ ਸੀ। ਸਭ ਤੋਂ ਪਹਿਲਾਂ ਤਾਂ ਬਰਫ ਦੀ ਵਰਤੋਂ ਸ਼ਰਬਤ ਨੂੰ ਠੰਡਾ ਕਰਨ ਲਈ ਕੀਤੀ ਜਾਂਦੀ ਸੀ ਪਰ ਫਿਰ ਬਾਦਸ਼ਾਹ ਅਤੇ ਉਸ ਦੀਆਂ ਬੇਗਮਾਂ ਲਈ ਕੁਲਫੀ ਜਮਾਉਣ ਲਈ ਇਸ ਦੀ ਵਰਤੋਂ ਕੀਤੀ ਜਾਣ ਲੱਗੀ।

ਆਈਸਕ੍ਰੀਮ

ਕੁਝ ਰੋਚਕ ਤੱਥ

ਕੁਝ ਲੋਕ ਕਹਿੰਦੇ ਹਨ ਕਿ ਈਸਾ ਦੀ ਪਹਿਲੀ ਸ਼ਤਾਬਦੀ 'ਚ ਰੋਮ ਦੇ ਸ਼ਾਸਕ ਨੀਰੋ ਨੇ ਪਹਿਲੀ ਵਾਰ ਆਈਸਕ੍ਰੀਮ ਬਣਾਉਣ ਦਾ ਹੁਕਮ ਦਿੱਤਾ ਸੀ। ਪਹਾੜਾਂ ਤੋਂ ਲਿਆਂਦੀ ਗਈ ਬਰਫ ਅਤੇ ਫਲਾਂ ਦੇ ਰਸ 'ਚ ਸ਼ਹਿਦ ਮਿਲਾ ਕੇ ਇਸ ਨੂੰ ਤਿਆਰ ਕੀਤਾ ਗਿਆ।

ਇਹ ਵੀ ਕਿਹਾ ਜਾਂਦਾ ਹੈ ਕਿ ਆਈਸਕ੍ਰੀਮ ਤਿਆਰ ਕਰਨ ਦੀ ਸ਼ੁਰੂਆਤ ਬਾਦਸ਼ਾਹ ਸਿਕੰਦਰ ਨੇ ਕੀਤੀ ਸੀ। ਕਰੀਬ ਢਾਈ ਹਜ਼ਾਰ ਸਾਲ ਪਹਿਲਾਂ ਜਦੋਂ ਸਿਕੰਦਰ ਨੇ ਮਿਸਰ ਨੂੰ ਜਿੱਤਿਆ ਤਾਂ ਜਸ਼ਨ ਮਨਾਉਣ ਲਈ ਉਨ੍ਹਾਂ ਨੇ ਆਈਸਕ੍ਰੀਮ ਬਣਾਉਣ ਦਾ ਹੁਕਮ ਦਿੱਤਾ। ਉਸ ਸਮੇਂ ਦੀ ਆਈਸਕ੍ਰੀਮ ਵੱਖਰੀ ਹੀ ਤਰ੍ਹਾਂ ਦੀ ਹੁੰਦੀ ਸੀ। ਸਿਕੰਦਰ ਦੇ ਹੁਕਮ 'ਤੇ ਕਾਰੀਗਰਾਂ ਨੇ 15 ਵੱਡੇ-ਵੱਡੇ ਟੋਏ ਪੁੱਟੇ। ਫਿਰ ਉਸੇ 'ਚ ਉਨ੍ਹਾਂ ਨੇ ਮੁਲਾਇਮ ਬਰਫ ਨੂੰ ਭਰ ਦਿੱਤਾ ਤਾਂ ਕਿ ਬਾਦਸ਼ਾਹ ਸਿਕੰਦਰ ਇਸ ਠੰਡੀ ਮਠਿਆਈ ਦਾ ਭਰਪੂਰ ਆਨੰਦ ਲੈ ਸਕੇ। ਫਾਲੂਦਾ ਆਈਸਕ੍ਰੀਮ ਦੀ ਸ਼ੁਰੂਆਤ ਈਰਾਨ ਅਤੇ ਅਫਗਾਨਿਸਤਾਨ 'ਚ ਹੋਈ ਸੀ। ਲਗਭਗ 200 ਈਸਾ ਪੂਰਵ ਚੀਨ 'ਚ ਚੌਲ ਅਤੇ ਦੁੱਧ ਦੇ ਮਿਸ਼ਰਣ ਨੂੰ ਮਿਲਾਕੇ ਇਸ ਨੂੰ ਜਮਾਇਆ ਜਾਂਦਾ ਸੀ। ਜਿਸ ਨਾਲ ਆਈਸਕ੍ਰੀਮ ਦਾ ਰੂਪ ਤਿਆਰ ਹੋਇਆ। ਬ੍ਰਿਟੇਨ ਅਤੇ ਅਮਰੀਕਾ 'ਚ ਪਹਿਲੀ ਵਾਰ ਆਈਸਕ੍ਰੀਮ 18ਵੀਂ ਸਦੀ 'ਚ ਆਈ। ਇਥੇ ਹੀ ਆਈਸਕ੍ਰੀਮ ਬਣਾਉਣ ਦੀ ਆਧੁਨਿਕ ਵਿਧੀ ਦੀ ਸ਼ੁਰੂਆਤ ਕੀਤੀ ਗਈ।

ਜ਼ਰੂਰੀ ਹੈ ਨਵੇਂ ਲਗਾਏ ਪੌਦਿਆਂ ਦੀ ਸਾਂਭ-ਸੰਭਾਲ

ਚੌਗਿਰਦੇ ਨੂੰ ਹਰਿਆ-ਭਰਿਆ ਰੱਖਣ ਲਈ ਹਰ ਸਾਲ ਲਗਾਏ ਜਾਂਦੇ ਲੱਖਾਂ ਬੂਟੇ ਸਾਂਭ-ਸੰਭਾਲ ਖੁਣੋਂ ਰੁੱਖ ਬਣਨ ਤੋਂ ਪਹਿਲਾਂ ਹੀ ਮਰ ਜਾਂਦੇ ਹਨ । ਬੂਟੇ ਲਗਾਉਦੇ ਸਮੇਂ ਉਨ੍ਹਾਂ ਦੀ ਸਿੰਚਾਈ ਅਤੇ ਸੁਰੱਖਿਆ ਦਾ ਇੰਤਜ਼ਾਮ ਦੀ ਲਾਜ਼ਮੀ ਕੀਤਾ ਜਾਣਾ ਚਾਹੀਦਾ ਹੈ...

ਅੰਤਾਂ ਦੀ ਗਰਮੀ ਦੀ ਗਰਮੀ ਦੇ ਬਾਵਜੂਦ ਮੌਜੂਦਾ ਸਮੇਂ ਨਵੇਂ ਬੂਟੇ ਲਗਾਉਣ ਦੀ ਮੁਹਿੰਮ ਜਾਰੀ ਹੈ । ਇਹ ਵਾਤਾਵਰਨ 'ਚ ਪੈਦਾ ਹੋ ਰਹੇ ਵਿਗਾੜ ਦੇ ਹੱਲ ਲਈ ਵੱਧ ਤੋਂ ਵੱਧ ਰੁੱਖ ਲਗਾਉਣ ਦੇ ਪ੍ਰਚਾਰ ਕਾਰਨ ਲੋਕਾਂ 'ਚ ਆਈ ਚੇਤਨਾ ਦਾ ਨਤੀਜਾ ਹੈ । ਪੰਜਾਬ ਦੇ ਵੱਖ-ਵੱਖ ਖੇਤਰਾਂ 'ਚ ਸਮਾਜ ਸੇਵੀ ਸੰਸਥਾਵਾਂ, ਕਲੱਬਾਂ ਅਤੇ ਲੋਕਾਂ ਵਲੋਂ ਨਿੱਜੀ ਤੌਰ ਉੱਤੇ ਵੱਡੇ ਪੱਧਰ 'ਤੇ ਪੌਦੇ ਲਗਾਏ ਜਾ ਰਹੇ ਹਨ । ਨਵੇਂ ਪੌਦੇ ਲਗਾਉਣ ਦਾ ਇਹ ਰੁਝਾਨ ਬੀਤੇ ਕੁਝ ਸਾਲਾਂ ਤੋਂ ਵਧਿਆ ਹੈ ਅਤੇ ਭਵਿੱਖ ਵਿੱਚ ਇਸ ਦੇ ਸਾਰਥਕ ਸਿੱਟਿਆਂ ਦੀ ਆਸ ਕੀਤੀ ਜਾਣੀ ਬਣਦੀ ਹੈ ।

ਲੋਕਾਂ ਦੀ ਉਪਰਾਮਤਾ : ਇਕੱਲੇ ਪੌਦੇ ਲਗਾਉਣੇ ਹੀ ਕਾਫੀ ਨਹੀਂ । ਉਨ੍ਹਾਂ ਦੀ ਉਚਿਤ ਸਾਂਭ-ਸੰਭਾਲ ਲਈ ਯਤਨ ਅਤੇ ਪ੍ਰਬੰਧ ਕੀਤੇ ਜਾਣੇ ਵੀ ਲਾਜ਼ਮੀ ਹਨ । ਨਵੇਂ ਲਗਾਏ ਗਏ ਪੌਦੇ ਜਾਂ ਬਰਸਾਤ ਦੇ ਮੌਸਮ 'ਚ ਆਪਣੇ ਆਪ ਉੱਗੇ ਪੌਦੇ ਜੇ ਬਿਨ੍ਹਾਂ ਸਾਂਭ-ਸੰਭਾਲ ਕੀਤਿਆਂ ਦਰਖਤਾਂ ਦਾ ਰੂਪ ਧਾਰਨ ਕਰਦੇ ਹੁੰਦੇ ਤਾਂ ਪੰਜਾਬ ਹੁਣ ਤੱਕ ਹਰ ਥਾਂ ਸੰਘਣੇ ਰੁੱਖ ਹੋਣੇ ਸਨ । ਆਮ ਤੌਰ 'ਤੇ ਨਵੇਂ ਪੌਦਿਆਂ ਨੂੰ ਲਗਾਉਣ ਲਈ ਸਮਾਜ ਸੇਵੀ ਸੰਸਥਾਵਾਂ ਜਾਂ ਹਰਿਆਵਲ ਮੁਹਿੰਮ ਨਾਲ ਜੁੜੇ ਲੋਕ ਪੌਦੇ ਲਗਾਉਣ ਤੱਕ ਹੀ ਸੀਮਤ ਰਹਿੰਦੇ ਹਨ । ਉਨ੍ਹਾਂ ਵਲੋਂ ਕਈਂ ਵਾਰ ਅਜਿਹੀਆਂ ਥਾਂਵਾਂ 'ਤੇ ਪੌਦੇ ਲਗਾਏ ਜਾਂਦੇ ਹਨ ਜਿੱਥੇ ਉਨ੍ਹਾਂ ਦੀ ਦੇਖ ਭਾਲ ਕਰਨ ਵਾਲਾ ਕੋਈ ਨਹੀਂ ਹੁੰਦਾ । ਅਜਿਹੀਆਂ ਸਾਂਝੀਆਂ ਥਾਂਵਾਂ ਪ੍ਰਤੀ ਆਮ ਲੋਕਾਂ ਦਾ ਕੋਈ ਲਗਾਅ ਨਹੀਂ ਹੁੰਦਾ ਅਤੇ ਆਮ ਲੋਕਾਂ ਦੀ ਇਸ ਉਪਰਾਮਤਾ ਤੇ ਵੱਖ-ਵੱਖ ਹੋਰਨਾਂ ਕਾਰਨਾਂ ਕਰਕੇ ਨਵੇਂ ਲਗਾਏ ਇਹ ਬੂਟੇ ਰੁੱਖ ਬਣਨ ਤੋਂ ਪਹਿਲਾਂ ਹੀ ਖਤਮ ਹੋ ਜਾਂਦੇ ਹਨ ।

ਸਿੰਚਾਈ ਦੇ ਪ੍ਰਬੰਧ : ਬਰਸਾਤ ਨਾ ਹੋਣ 'ਤੇ ਪੌਦਿਆਂ ਨੂੰ ਵਾਰ-ਵਾਰ ਪਾਣੀ ਦਿੱਤੇ ਜਾਣ ਦੀ ਜ਼ਰੂਰਤ ਹੁੰਦੀ ਹੈ ਕਿਉਂਕਿ ਛੋਟੇ ਬੂਟਿਆਂ ਦੀਆਂ ਜੜ੍ਹਾਂ ਉੱਪਰਲੀ ਸਤਹ 'ਤੇ ਹੋਣ ਕਾਰਨ ਇਹ ਧਰਤੀ ਵਿੱਚੋਂ ਡੂੰਘਾਈ ਤੋਂ ਨਮੀਂ ਨਹੀਂ ਲੈ ਸਕਦੀਆਂ । ਬਰਸਾਤ ਨਾ ਪੈਣ 'ਤੇ ਜਦ ਸੋਕੇ ਵਰਗੇ ਹਾਲਾਤ ਪੈਦਾ ਹੋ ਜਾਂਦੇ ਹਨ ਤਾਂ ਇਸ ਦੀ ਮਾਰ ਨਵੇਂ ਲਗਾਏ ਪੌਦਿਆਂ 'ਤੇ ਪੈਂਦੀ ਹੈ ਅਤੇ ਪਾਣੀ ਦੀ ਘਾਟ ਕਾਰਨ ਇਹ ਪੌਦੇ ਜਲਦੀ ਸੁੱਕ ਜਾਂਦੇ ਹਨ ਜਾਂ ਉਨ੍ਹਾਂ ਦਾ ਉਚਿਤ ਵਾਧਾ ਨਹੀਂ ਹੁੰਦਾ । ਇਸ ਲਈ ਅਜਿਹੀ ਹਾਲਤ ਵਿੱਚ ਨਵੇਂ ਲਗਾਏ ਪੌਦਿਆਂ ਲਈ ਸਿੰਚਾਈ ਦੀ ਢੁੱਕਵੀਂ ਵਿਵਸਥਾ ਕੀਤੀ ਜਾਣੀ ਲਾਜ਼ਮੀ ਹੈ । ਨਵੇਂ ਪੌਦੇ ਲਗਾਉਣ ਦੀ ਯੋਜਨਾਬੰਦੀ ਦੇ ਨਾਲ ਹੀ ਇਨ੍ਹਾਂ ਲਈ ਸਿੰਚਾਈ ਦੇ ਪ੍ਰਬੰਧਾਂ ਦੀ ਵੀ ਵਿਵਸਥਾ ਕੀਤੀ ਜਾਣੀ ਚਾਹੀਦੀ ਹੈ ।

ਸੁਰੱਖਿਆ ਦੇ ਢੁੱਕਵੇਂ ਪ੍ਰਬੰਧ : ਨਵੇਂ ਲਗਾਏ ਪੌਦਿਆਂ ਦੀ ਆਵਾਰਾ ਪਸ਼ੂਆਂ ਤੋਂ ਸੁਰੱਖਿਆ ਕਰਨੀ ਵੀ ਜ਼ਰੂਰੀ ਹੈ । ਜਿੱਥੇ ਹਰ ਥਾਂ ਆਵਾਰਾ ਪਸ਼ੂਆਂ ਦੀ ਭਰਮਾਰ ਹੈ ਉੱਥੇ ਕਈਂ ਵਾਰ ਪਾਲਤੂ ਪਸ਼ੂਆਂ ਨੂੰ ਚਾਰਨ ਨਾਲ ਵੀ ਨਵੇਂ ਲਗਾਏ ਪੌਦਿਆਂ ਦਾ ਨੁਕਸਾਨ ਹੋ ਜਾਂਦਾ ਹੈ । ਇਸੇ ਤਰ੍ਹਾਂ ਜਿਸ ਥਾਂ ਭੇਡਾਂ, ਬੱਕਰੀਆਂ ਚਰਾਉਣ ਵਾਲੇ ਜਾਂਦੇ ਹਨ, ਉੱਥੇ ਵੀ ਇਹ ਜਾਨਵਰ ਇਨ੍ਹਾਂ ਪੌਦਿਆਂ ਦੇ ਨਾਜ਼ੁਕ ਸਿਰਿਆਂ ਨੂੰ ਮੁੱਛ ਲੈਂਦੇ ਹਨ । ਇਸ ਲਈ ਨਵੇਂ ਪੌਦੇ ਲਗਾਉਂਦੇ ਸਮੇਂ ਅਜਿਹੀਆਂ ਥਾਂਵਾਂ ਦੀ ਚੋਣ ਕਰਨੀ ਚਾਹੀਦੀ ਹੈ ਜਿੱਥੇ ਪੌਦੇ ਪਸ਼ੂਆਂ ਤੋਂ ਸੁਰੱਖਿਅਤ ਰਹਿਣ । ਅਜਿਹੀਆਂ ਖੁੱਲ੍ਹੀਆਂ ਥਾਂਵਾਂ, ਜਿੱਥੇ ਇਹ ਪੌਦੇ ਸੁਰੱਖਿਅਤ ਨਹੀਂ ਹਨ, ਉੱਥੇ ਵਾੜ ਜਾਂ ਟ੍ਰੀ-ਗਾਰਡ ਲਗਾ ਕੇ ਸੁਰੱਖਿਆ ਦੇ ਪ੍ਰਬੰਧ ਕੀਤੇ ਜਾ ਸਕਦੇ ਹਨ । ਇਸ ਕਰਕੇ ਪੌਦੇ ਭਾਵੇਂ ਘੱਟ ਲਗਾਏ ਜਾਣ ਪਰ ਜਿੰਨੇ ਕੁ ਲਗਾਏ ਜਾਣ, ਉਹ ਪਸ਼ੂਆਂ ਅਤੇ ਉਜਾੜੇ ਦੇ ਦੂਸਰੇ ਕਾਰਨਾਂ ਤੋਂ ਸੁਰੱਖਿਤ ਜ਼ਰੂਰ ਹੋਣ ।

ਅੱਗਜ਼ਨੀ ਤੋਂ ਸੁਰੱਖਿਆ : ਅਕਸਰ ਫਸਲ ਦੀ ਕਟਾਈ ਤੋਂ ਬਾਅਦ ਫਸਲੀ ਰਹਿੰਦ-ਖੂੰਹਦ ਨੂੰ ਖੇਤਾਂ ਵਿੱਚ ਅੱਗ ਲਗਾ ਕੇ ਸਾੜਨ ਨਾਲ ਖੇਤਾਂ ਦੇ ਨਾਲ ਲਗਦੀਆਂ ਖਾਲੀ ਥਾਂਵਾਂ 'ਤੇ ਲਗਾਏ ਰੁੱਖ ਅਤੇ ਨਵੇਂ ਬੂਟੇ ਸੜ ਜਾਂਦੇ ਹਨ । ਸਰਕਾਰ ਵੱਲੋਂ ਅੱਗਜ਼ਨੀ ਦੇ ਇਸ ਵਰਤਾਰੇ ਨੂੰ ਰੋਕਣ ਲਈ ਭਾਵੇਂ ਕਈਂ ਆਦੇਸ਼ ਜਾਰੀ ਕੀਤੇ ਜਾਂਦੇ ਹਨ ਪਰ ਇਸ ਦੇ ਨਾਲ-ਨਾਲ ਇਸ ਵਰਤਾਰੇ ਪ੍ਰਤੀ ਲੋਕਾਂ ਨੂੰ ਅਜੇ ਹੋਰ ਜਾਗਰੂਕ ਕੀਤੇ ਜਾਣ ਦੀ ਲੋੜ ਹੈ । ਨਵੇਂ ਲਗਾਏ ਗਏ ਪੌਦਿਆਂ ਦੇ ਨੇੜਲੇ ਖੇਤਾਂ ਤੇ ਘਰਾਂ ਵਾਲਿਆਂ ਨੂੰ ਇਨ੍ਹਾਂ ਪੌਦਿਆਂ ਦੀ ਸੁਰੱਖਿਆ ਲਈ ਪ੍ਰੇਰਿਆ ਜਾਵੇ । ਜਿੱਥੇ ਤੱਕ ਸੰਭਵ ਹੋਵੇ ਨਵੇਂ ਪੌਦੇ ਅਜਿਹੀਆਂ ਥਾਂਵਾਂ ਤੇ ਲਗਾਏ ਜਾਣ ਜਿੱਥੇ ਉਨ੍ਹਾਂ ਪੌਦਿਆਂ ਨੂੰ ਨੇੜਲੇ ਖੇਤਾਂ, ਘਰਾਂ ਜਾਂ ਜ਼ਮੀਨ ਦੀ ਮਾਲਕੀ ਵਾਲੇ ਲੋਕ ਹਰ ਤਰੀਕੇ ਨਾਲ ਸੁਰੱਖਿਆ ਦੇ ਸਕਣ ਅਤੇ ਨਵੇਂ ਪੌਦੇ ਲਗਾਉਣ ਵਿੱਚ ਉਨ੍ਹਾਂ ਦੀ ਸਰਗਰਮ ਭੂਮਿਕਾ ਹੋਵੇ ।

ਜੱਗਾ ਸਿੰਘ ਆਦਮਕੇ
ਮੋ. 81469-24800

ਤੁਮ ਨਾਂਹ ਜਾਨੇ ਖੋਹ ਗਏ ਹਮ ਤਨਾਹ ਹੋ ਗਏ

ਮਨਿੰਦਰ ਕੌਰ

28 ਜੁਲਾਈ, 1947 – 23 ਜੂਨ, 2001

ਐਚ.ਐਸ. ਨੰਦਾ

ਮਿੱਟੀ ਅਤੇ ਮਨੁੱਖੀ ਸਿਹਤ ਲਈ ਲਾਹੇਵੰਦ

ਗਰਮੀ ਰੁੱਤੇ ਦਾਲਾਂ ਦੀ ਕਾਸ਼ਤ

ਡਾ. ਹਰਮੀਤ ਕੌਰ ਅਤੇ ਡਾ. ਯਸ਼ਵੰਤ ਸਿੰਘ, ਕ੍ਰਿਸ਼ੀ ਵਿਗਿਆਨ ਕੇਂਦਰ, ਐਸ ਏ ਐਸ ਨਗਰ (ਮੋਹਾਲੀ)
ਮੋ. 9464366774

ਭਾਰਤ ਵਿੱਚ ਸ਼ਾਕਾਹਾਰੀ ਲੋਕਾਂ ਵਲੋਂ ਮੁੱਖ ਤੌਰ ਤੇ ਭੋਜਨ ਲਈ ਆਨਾਜ ਅਤੇ ਦਾਲਾਂ ਭੋਜਨ ਦਾ ਮੁੱਖ ਅੰਸ਼ ਹਨ। ਪ੍ਰੋਟੀਨ ਭਰਪੂਰ ਹੋਣ ਕਾਰਨ ਇਹਨਾਂ ਨੂੰ ਗਰੀਬ ਆਦਮੀ ਦਾ ਮੀਟ ਵੀ ਕਿਹਾ ਜਾਂਦਾ ਹੈ। ਜ਼ਮੀਨ ਤੋਂ ਪਾਣੀ ਦੇ ਹੇਠਾਂ ਜਾ ਰਹੇ ਪੱਧਰ ਨੂੰ ਠੀਕ ਕਰਨ, ਫਸਲੀ ਵਿਭਿੰਨਤਾ ਲਿਆਉਣ ਅਤੇ ਮਿੱਟੀ ਦੀ ਉਪਜਾਊ ਸ਼ਕਤੀ ਨੂੰ ਵਧਾਉਣ ਲਈ ਦਾਲਾਂ ਦਾ ਕਾਫੀ ਅਹਿਮ ਯੋਗਦਾਨ ਹੈ। ਫਲੀਦਾਰ ਫਸਲਾਂ ਹੋਣ ਕਾਰਨ ਇਹਨਾਂ ਦੀਆਂ ਜੜ੍ਹਾਂ ਵਿੱਚ ਗੱਠਾਂ ਹੁੰਦੀਆਂ ਹਨ , ਜਿਹਨਾਂ ਵਿੱਚ ਸੂਖਮ ਜੀਵਾਣੂ ਪਾਏ ਜਾਂਦੇ ਹਨ। ਇਹ ਜੀਵਾਣੂ ਹਵਾ ਤੋਂ ਨਾਈਟ੍ਰੋਜਨ ਲੈ ਕੇ ਉਸ ਦਾ ਜ਼ਮੀਨ ਵਿੱਚ ਸਥਿਰੀਕਰਨ ਕਰਦੇ ਹਨ ਅਤੇ ਮਿਟੀ ਦੀ ਉਪਜਾਊ ਸ਼ਕਤੀ ਨੂੰ ਵਧਾਉਂਦੇ ਹਨ। ਦਾਲ ਪ੍ਰਾਪਤ ਕਰਨ ਤੋਂ ਬਾਅਦ ਬਚੀ ਫਸਲ ਭੂਮੀ ਲਈ ਹਰੀ ਖਾਦ ਦਾ ਕੰਮ ਕਰਦੀ ਹੈ। ਇਸ ਤੋਂ ਇਲਾਵਾ ਦਾਲਾਂ ਦੀ ਫਸਲ ਦਾ ਚਾਰਾ ਪਸ਼ੂਆਂ ਲਈ ਪੌਸ਼ਟਿਕ ਆਹਾਰ ਵਜੋਂ ਵਰਤਿਆ ਜਾਂਦਾ ਹੈ। ਫਸਲੀ ਚੱਕਰ ਵਿੱਚ ਦਾਲਾਂ ਨੂੰ ਸ਼ਾਮਿਲ ਕਰਕੇ ਦੂਜੀਆਂ ਫਸਲਾਂ ਤੇ ਪੌਸ਼ਕ ਤੱਤਾਂ ਦੀ ਲੋੜ ਨੂੰ ਵੀ ਪੂਰਾ ਕੀਤਾ ਜਾ ਸਕਦਾ ਹੈ।

ਪੰਜਾਬ ਵਿੱਚ ਦਾਲਾਂ ਵਾਲੀਆਂ ਫਸਲਾਂ ਵਿੱਚੋਂ ਮੂੰਗੀ ਅਤੇ ਮਾਂਹ ਪ੍ਰਮੁੱਖ ਹਨ। ਪ੍ਰੋਟੀਨ ਤੋਂ ਇਲਾਵਾ ਇਹਨਾਂ ਵਿੱਚ ਕਾਰਬੋਹਾਈਡ੍ਰੇਟ, ਵਿਟਾਮਿਨ, ਮਿਨਰਲ ਅਤੇ ਰੇਸ਼ੇ ਵੀ ਭਰਪੂਰ ਮਾਤਰਾ ਵਿੱਚ ਮੌਜੂਦ ਹੁੰਦੇ ਹਨ। ਇਹ ਫਸਲਾਂ ਸਾਉਣੀ ਅਤੇ ਗਰਮੀ ਦੀ ਰੁੱਤ ਵਿੱਚ ਉਗਾਈਆਂ ਜਾਂਦੀਆਂ ਹਨ। ਪੰਜਾਬ ਵਿੱਚ ਗਰਮੀ ਦੀ ਰੁੱਤ ਵਿੱਚ ਮੂੰਗੀ ਅਤੇ ਮਾਂਹਾਂ ਦੀ ਕਾਸ਼ਤ ਕੀਤੀ ਜਾਂਦੀ ਹੈ।

(1) ਗਰਮੀ ਰੁੱਤ ਦੀ ਮੂੰਗੀ : ਪੰਜਾਬ ਵਿੱਚ ਗਰਮੀ ਰੁੱਤ ਦੀ ਮੂੰਗੀ ਨੂੰ ਸੱਠੀ ਮੂੰਗੀ ਵੀ ਕਿਹਾ ਜਾਂਦਾ ਹੈ। ਘਟ ਅਰਸੇ ਵਿੱਚ ਹੋਣ ਕਰਕੇ ਕਣਕ-ਝੋਨਾ ਫਸਲੀ ਚੱਕਰ ਵਿੱਚ ਵੀ ਇਹ ਫਸਲ ਉਗਾਈ ਜਾ ਸਕਦੀ ਹੈ। ਮੂੰਗੀ ਦੀ ਫਸਲ ਹੋਰ ਦਾਲਾਂ ਨਾਲੋਂ ਵਧੇਰੇ ਗਰਮੀ ਅਤੇ ਖੁਸ਼ਕੀ ਸਹਾਰ ਸਕਦੀ ਹੈ। ਇਸ ਦੀ ਕਾਸ਼ਤ ਲਈ ਚੰਗੇ ਨਿਕਾਸ ਵਾਲੀ ਜ਼ਮੀਨ ਚੰਗੀ ਮੰਨੀ ਗਈ ਹੈ।

ਗਰਮੀ ਰੁੱਤ ਦੀ ਮੂੰਗੀ ਦੀਆਂ ਉੱਨਤ ਕਿਸਮਾਂ

ਕਿਸਮ	ਵਿਸ਼ੇਸ਼ ਗੁਣ
ਐਸ ਐਮ ਐਲ 1827 (2019)	★ ਔਸਤਨ ਝਾੜ 5.0 ਕੁਇੰਟਲ/ਏਕੜ ★ ਪੱਕਣ ਲਈ ਸਮਾਂ 62 ਦਿਨ ★ ਪੌਦੇ ਦਰਮਿਆਨੇ ਕੱਦ ਦੇ, ਖੜ੍ਹਵੇਂ ਅਤੇ ਸਥਿਰ ਵਾਧੇ ਵਾਲੇ ★ ਵਿਸ਼ਾਣੂ ਰੋਗ ਦਾ ਟਾਕਰਾ ਕਰਨ ਦੀ ਸਮਰੱਥਾ
ਟੀ ਐਮ ਬੀ 37 (2017)	★ ਔਸਤਨ ਝਾੜ 4.9 ਕੁਇੰਟਲ/ਏਕੜ ★ ਪੱਕਣ ਲਈ ਸਮਾਂ 60 ਦਿਨ ★ ਪੌਦੇ ਮਧਰੇ, ਖੜ੍ਹਵੇਂ ਅਤੇ ਸਥਿਰ ਵਾਧੇ ਵਾਲੇ
ਐਸ ਐਮ ਐਲ 832(2010)	★ ਔਸਤਨ ਝਾੜ 4.6 ਕੁਇੰਟਲ/ਏਕੜ ★ ਪੱਕਣ ਲਈ ਸਮਾਂ 61 ਦਿਨ ★ ਪੌਦੇ ਦਰਮਿਆਨੇ ਕਦ ਦੇ, ਖੜ੍ਹਵੇਂ ਅਤੇ ਸਥਿਰ ਵਾਧੇ ਵਾਲੇ
ਐਸ ਐਮ ਐਲ 668(2002)	★ ਔਸਤਨ ਝਾੜ 4.5 ਕੁਇੰਟਲ/ਏਕੜ ★ ਪੱਕਣ ਲਈ ਸਮਾਂ 60 ਦਿਨ ★ ਪੌਦੇ ਮਧਰੇ, ਖੜ੍ਹਵੇਂ ਅਤੇ ਸਥਿਰ ਵਾਧੇ ਵਾਲੇ

ਕਲਰਾਠੀਆਂ ਜਾਂ ਸੇਮ ਵਾਲੀਆਂ ਜ਼ਮੀਨਾਂ ਵਿੱਚ ਇਸ ਦੀ ਕਾਸ਼ਤ ਸੰਭਵ ਨਹੀਂ।

ਜ਼ਮੀਨ ਦੀ ਤਿਆਰੀ ★ ਖੇਤ ਨੂੰ ਦੋ ਜਾਂ ਤਿੰਨ ਵਾਰ ਵਾਹੁਣ ਪਿਛੋਂ ਸੁਹਾਗਾ ਮਾਰ ਤੇ ਤਿਆਰ ਕਰੋ। ਬਿਜਾਈ ਸਮੇਂ ਖੇਤ, ਨਦੀਨ-ਰਹਿਤ ਹੋਣਾ ਜ਼ਰੂਰੀ ਹੈ।

★ ਕਣਕ ਦੀ ਵਾਢੀ ਉਪਰੰਤ ਗਰਮ ਰੁੱਤ ਦੀ ਮੂੰਗੀ ਦੀ ਬਿਜਾਈ ਬਿਨਾ ਖੇਤ ਵਾਹੇ ਵੀ ਕੀਤੀ ਜਾ ਸਕਦੀ ਹੈ। ਜੇਕਰ ਖੇਤ ਵਿੱਚ ਕਣਕ ਦਾ ਨਾੜ ਨਹੀਂ ਹੈ ਤਾਂ ਮੂੰਗੀ ਦੀ ਬਿਜਾਈ ਜ਼ੀਰੋ ਟਿੱਲ ਡਰਿੱਲ ਨਾਲ ਕਰੋ। ਪਰ ਜੇਕਰ ਕਣਕ ਦੀ ਕਟਾਈ ਕੰਬਾਈਨ ਨਾਲ ਕੀਤੀ ਹੋਵੇ ਅਤੇ ਖੇਤ ਵਿੱਚ ਕਣਕ ਦਾ ਨਾੜ ਹੋਵੇ ਤਾਂ ਮੂੰਗੀ ਦੀ ਬਿਜਾਈ ਪੀ. ਏ. ਯੂ. ਹੈਪੀ ਸੀਡਰ ਨਾਲ ਕੀਤੀ ਜਾ ਸਕਦੀ ਹੈ।

ਬੀਜ ਦੀ ਮਾਤਰਾ : ★ ਸੱਠੀ ਮੂੰਗੀ ਦੀ ਐਸ ਐਮ ਐਲ-668 ਕਿਸਮ ਲਈ ਖੇਤ ਵਿੱਚ 15 ਕਿਲੋ ਬੀਜ ਅਤੇ ਬਾਕੀ ਕਿਸਮਾਂ ਲਈ 12 ਕਿਲੋ ਬੀਜ ਪ੍ਰਤੀ ਏਕੜ ਦੇ ਹਿਸਾਬ ਨਾਲ ਪਾਓ।

★ ਮਾਂਹਾਂ ਲਈ ਖੇਤ ਵਿੱਚ 20 ਕਿਲੋ ਬੀਜ ਪ੍ਰਤੀ ਏਕੜ ਦੇ ਹਿਸਾਬ ਨਾਲ ਪਾਓ।

ਬੀਜ ਨੂੰ ਜੀਵਾਣੂ ਖਾਦ ਦਾ ਟੀਕਾ ਲਗਾਉਣਾ : ★ ਬੀਜ ਨੂੰ ਬੀਜਣ ਤੋਂ ਪਹਿਲਾਂ ਜੀਵਾਣੂ ਖਾਦ ਦਾ ਟੀਕਾ ਲਗਾਉਣ ਨਾਲ ਦਾਲਾਂ ਦੀ ਉਪਜ ਵਿੱਚ ਵਾਧਾ ਹੁੰਦਾ ਹੈ।

ਬਿਜਾਈ ਦਾ ਸਮਾਂ ਅਤੇ ਤਰੀਕਾ :

★ ਗਰਮੀ ਰੁੱਤ ਦੀ ਮੂੰਗੀ ਲਈ 20 ਮਾਰਚ ਤੋਂ 10 ਅਪ੍ਰੈਲ ਅਤੇ ਮਾਂਹਾਂ ਲਈ 15 ਮਾਰਚ ਤੋ ਅਪ੍ਰੈਲ ਦਾ ਪਹਿਲਾ ਹਫਤਾ ਬਿਜਾਈ ਲਈ ਢੁਕਵਾਂ ਹੈ।

★ ਬਿਜਾਈ ਲਈ ਸਿਆੜਾਂ ਵਿਚਲਾ ਫਾਸਲਾ : 22.5 ਸੈਂਟੀਮੀਟਰ× 5-7 ਸੈਂਟੀਮੀਟਰ।

★ ਬੀਜ ਨੂੰ 4-6 ਸੈਂਟੀਮੀਟਰ ਗਹਿਰਾਈ ਵਿੱਚ ਬੀਜੋ।

ਖਾਦਾਂ : ★ ਖਾਦਾਂ ਦੀ ਵਰਤੋਂ ਕਰਨ ਤੋਂ ਪਹਿਲਾਂ ਮਿੱਟੀ ਦੀ ਜਾਂਚ ਕਰਵਾ ਲੈਣੀ ਚਾਹੀਦੀ ਹੈ ਤਾਂ ਜੋ ਖਾਦਾਂ ਤੇ ਆਉਣ ਵਾਲੇ ਖਰਚੇ ਨੂੰ ਘਟਾਇਆ ਜਾ ਸਕੇ।

★ ਸੱਠੀ ਮੂੰਗੀ ਲਈ 11 ਕਿਲੋਗ੍ਰਾਮ ਯੂਰੀਆ, 100 ਕਿਲੋਗ੍ਰਾਮ ਸਿੰਗਲ ਸੁਪਰਫਾਸਫੇਟ ਅਤੇ ਮਾਂਹਾਂ ਲਈ 11 ਕਿਲੋਗ੍ਰਾਮ ਯੂਰੀਆ, 60 ਕਿਲੋਗ੍ਰਾਮ ਸਿੰਗਲ ਸੁਪਰਫਾਸਫੇਟ ਪ੍ਰਤੀ ਏਕੜ ਦੇ ਹਿਸਾਬ ਨਾਲ ਬਿਜਾਈ ਸਮੇਂ ਸਿਫਾਰਿਸ਼ ਕੀਤਾ ਗਿਆ ਹੈ।

ਗਰਮੀ ਰੁੱਤ ਦੇ ਮਾਂਹ ਦੀਆਂ ਉੱਨਤ ਕਿਸਮਾਂ

ਕਿਸਮ	ਵਿਸ਼ੇਸ਼ ਗੁਣ
ਮਾਂਹ 1137 (2019)	★ਔਸਤਨ ਝਾੜ 4.5 ਕੁਇੰਟਲ/ਏਕੜ ★ ਪੱਕਣ ਲਈ ਸਮਾਂ 72 ਦਿਨ ★ ਪੌਦੇ ਮਧਰੇ, ਖੜ੍ਹਵੇਂ ਅਤੇ ਗੁੰਦਵੇਂ ★ ਵਿਸ਼ਾਣੂ ਰੋਗ ਦਾ ਟਾਕਰਾ ਕਰਨ ਦੀ ਸਮਰੱਥਾ
ਮਾਂਹ 1008 (2004)	★ ਔਸਤਨ ਝਾੜ 4.5 ਕੁਇੰਟਲ/ਏਕੜ ★ ਪੱਕਣ ਲਈ ਸਮਾਂ 72 ਦਿਨ ★ ਪੌਦੇ ਮਧਰੇ, ਖੜ੍ਹਵੇਂ ਅਤੇ ਗੁੰਦਵੇਂ ★ ਵਿਸ਼ਾਣੂ ਰੋਗ ਅਤੇ ਪੱਤਿਆਂ ਦੇ ਧੱਬਿਆਂ ਦੇ ਰੋਗ ਦਾ ਟਾਕਰਾ ਕਰਨ ਦੀ ਸਮਰੱਥਾ

(2) ਗਰਮੀ ਰੁੱਤ ਦੇ ਮਾਂਹ : ਮਾਂਹ ਦੀ ਫਸਲ ਲਗਭਗ ਹਰ ਤਰ੍ਹਾਂ ਦੀ ਜ਼ਮੀਨ ਵਿੱਚ ਹੋ ਸਕਦੀ ਹੈ ਪਰ ਲੂਣੀਆਂ-ਖਾਰੀਆਂ,

ਨਦੀਨਾਂ ਦੀ ਰੋਕਥਾਮ : ★ਨਦੀਨਾਂ ਦੀ ਰੋਕਥਾਮ ਲਈ ਪਹਿਲੀ ਗੋਡੀ ਬਿਜਾਈ ਤੋਂ ਇੱਕ ਮਹੀਨਾ ਪਿੱਛੋਂ ਅਤੇ ਦੂਜੀ ਲੋੜ ਪੈਣ ਤੇ ਹੀ ਕਰਨੀ ਚਾਹੀਦੀ ਹੈ।

ਸਿੰਚਾਈ : ★ ਗਰਮੀ ਰੁੱਤ ਦੀ ਮੂੰਗੀ ਨੂੰ ਲੋੜ ਅਨੁਸਾਰ 3 ਤੋਂ 5 ਪਾਣੀ ਲਗਾਉ। ਪਹਿਲਾ ਪਾਣੀ ਬਿਜਾਈ ਤੋਂ 25 ਦਿਨਾਂ ਬਾਅਦ ਅਤੇ ਆਖਰੀ ਪਾਣੀ 55 ਦਿਨ ਬਾਅਦ ਦੇਣਾ ਚਾਹੀਦਾ ਹੈ।

★ ਮਾਂਹਾਂ ਦੀ ਫਸਲ ਨੂੰ ਤਿੰਨ ਤੋਂ ਚਾਰ ਸਿੰਚਾਈਆਂ ਦੀ ਲੋੜ ਪੈਂਦੀ ਹੈ। ਆਖਰੀ ਸਿੰਚਾਈ ਬਿਜਾਈ ਤੋਂ ਤਕਰੀਬਨ 60 ਦਿਨਾਂ ਬਾਅਦ ਕਰਨੀ ਚਾਹੀਦੀ ਹੈ।

ਵਾਢੀ : ★ ਫਸਲ ਦੀ ਵਾਢੀ ਖੇਤ ਵਿੱਚ 80% ਤੱਕ ਫਲੀਆਂ ਪੱਕਣ ਤੋਂ ਬਾਅਦ ਹੀ ਦਾਤਰੀ ਨਾਲ ਕਰਨੀ ਚਾਹੀਦੀ ਹੈ।

ਮੂੰਗੀ/ਮਾਂਹ ਦੀ ਫਸਲ ਉੱਤੇ ਹਮਲਾ ਕਰਨ ਵਾਲੇ ਕੀੜੇ ਅਤੇ ਬਿਮਾਰੀਆਂ

ੳ) ਕੀੜੇ-ਮਕੌੜੇ : **1. ਥਰਿੱਪ** : ਇਹ ਕੀੜਾ ਫੁੱਲਾਂ ਦਾ ਰਸ ਚੂਸਦਾ ਹੈ ਜਿਸ ਕਰਕੇ ਫੁੱਲ ਖੁੱਲਣ ਤੋਂ ਪਹਿਲਾਂ ਹੀ ਝੜ ਜਾਂਦੇ ਹਨ, ਫਲੀਆਂ ਘੱਟ ਪੈਂਦੀਆਂ ਹਨ ਅਤੇ ਦਾਣਿਆਂ ਤੇ ਵੀ ਬਹੁਤ ਬੁਰਾ ਅਸਰ ਪੈਂਦਾ ਹੈ। ਅੰਤ ਵਿੱਚ ਫਸਲ ਦਾ ਝਾੜ ਕਾਫੀ ਘੱਟ ਜਾਂਦਾ ਹੈ।

2. ਫਲੀ ਛੇਦਕ ਸੁੰਡੀ (ਅਮਰੀਕਨ ਸੁੰਡੀ) : ਇਹ ਸੁੰਡੀ ਮੂੰਗੀ ਅਤੇ ਮਾਂਹਾਂ ਦੇ ਪੱਤੇ, ਡੋਡੀਆਂ, ਫੁੱਲਾਂ ਅਤੇ ਫਲੀਆਂ ਉੱਤੇ ਹਮਲਾ ਕਰਕੇ ਕਾਫੀ ਨੁਕਸਾਨ ਕਰਦੀ ਹੈ। ਨੁਕਸਾਨ ਵਾਲੇ ਪੱਤਿਆਂ ਅਤੇ ਫਲੀਆਂ ਵਿਚ ਮੋਰੀਆਂ ਬਣ ਜਾਂਦੀਆਂ ਹਨ। ਇਸ ਤੋਂ ਇਲਾਵਾ ਬੂਟਿਆਂ ਥੱਲੇ ਜ਼ਮੀਨ ਉੱਪਰ ਗੂੜ੍ਹੇ ਹਰੇ ਰੰਗ ਦੀਆਂ ਬਿੱਠਾਂ ਡਿਗ ਪੈਂਦੀਆਂ ਹਨ। ਬੂਟਿਆਂ ਨੂੰ ਚੰਗੀ ਤਰ੍ਹਾਂ ਹਿਲਾਉਣ ਤੇ ਇਹ ਸੁੰਡੀਆਂ ਹੇਠਾਂ ਡਿੱਗ ਪੈਂਦੀਆਂ ਹਨ।

3. ਤੰਬਾਕੂ ਸੁੰਡੀ : ਛੋਟੀਆਂ ਸੁੰਡੀਆਂ ਪੱਤਿਆਂ ਉੱਤੇ ਝੁੰਡਾਂ ਵਿੱਚ ਦਿੱਤੇਹੋਏ ਅੰਡਿਆਂ ਵਿੱਚੋਂ ਨਿਕਲ ਕੇ, ਹਰਾ ਮਾਦਾ ਖਾਂਦੀਆਂ ਹਨ ਅਤੇ ਉਨ੍ਹਾਂ ਨੂੰ ਛਾਨਣੀ ਕਰ ਦਿੰਦੀਆਂ ਹਨ। ਵੱਡੀਆਂ ਸੁੰਡੀਆਂ ਸਾਰੇ ਖੇਤ ਵਿੱਚ ਖਿਲਰ ਕੇ ਨੁਕਸਾਨ ਕਰਦੀਆਂ ਹਨ। ਇਸ ਤੋਂ ਇਲਾਵਾ ਇਹ ਡੋਡੀਆਂ, ਫੁੱਲ ਅਤੇ ਫਲੀਆਂ ਦਾ ਵੀ ਨੁਕਸਾਨ ਕਰਦੀਆਂ ਹਨ। ਇਸ ਦੀ ਰੋਕਥਾਮ ਲਈ ਤੰਬਾਕੂ ਸੁੰਡੀ ਦੇ ਅੰਡੇ ਅਤੇ ਛੋਟੀਆਂ ਸੁੰਡੀਆਂ ਦੇ ਝੁੰਡਾਂ ਨੂੰ ਪੱਤਿਆਂ ਸਮੇਤ ਤੋੜ ਕੇ ਨਸ਼ਟ ਕਰੋ। ਫਸਲ ਦੀ ਬਿਜਾਈ ਸਮੇਂ ਸਿਰ ਕਰਨੀ ਚਾਹੀਦੀ ਹੈ। ਨਦੀਨਾਂ (ਇਟਸਿਟ / ਚਪੱਤੀ) ਦਾ ਸਮੇਂ ਸਿਰ ਖਾਤਮਾ ਕਰੋ।

ਅ. ਬਿਮਾਰੀਆਂ : **1. ਚਿਤਕਬਰਾ ਰੋਗ/ਵਿਸ਼ਾਣੂ ਰੋਗ** : ਇਹ ਰੋਗ ਚਿੱਟੀ ਮੱਖੀ ਦੁਆਰਾ ਫੈਲਦਾ ਹੈ। ਨੁਕਸਾਨੇ ਗਏ ਪੱਤਿਆਂ ਉੱਤੇ ਚਿਤਕਬਰੇ ਪੀਲੇ ਅਤੇ ਹਰੇ ਰੰਗ ਦੇ ਚਟਾਕ ਪੈ ਜਾਂਦੇ ਹਨ ਅਤੇ ਪੌਦੇ ਉੱਤੇ ਕੋਈ ਫਲੀ ਨਹੀਂ ਲੱਗਦੀ ਜਾਂ ਬਹੁਤ ਘੱਟ ਫਲੀਆਂ ਲੱਗਦੀਆਂ ਹਨ। ਇਸ ਬਿਮਾਰੀ ਦਾ ਹਮਲਾ ਸਮੇਂ ਸਿਰ ਬੀਜੀ ਫਸਲ ਤੇ ਬਹੁਤ ਘੱਟ ਆਉਂਦਾ ਹੈ। ਇਸ ਦੀ ਰੋਕਥਾਮ ਲਈ ਫਸਲ ਵਿਚੋਂ ਰੋਗੀ ਬੂਟੇ ਕੱਢ ਦਿਉ। ਇਸ ਰੋਗ ਦਾ ਟਾਕਰਾ ਕਰਨ ਵਾਲੀਆਂ ਕਿਸਮਾਂ ਬੀਜੋ।

2. ਝੁਲਸ ਰੋਗ : ਰੋਗੀ ਬੂਟੇ ਉਪਰੋਂ ਝੁਲਸ ਜਾਂਦੇ ਹਨ। ਸਿੱਲ੍ਹੇ ਮੌਸਮ ਵਿੱਚ ਪੱਤਿਆਂ ਤੇ ਜਾਲੇ ਬਣ ਜਾਂਦੇ ਹਨ। ਇਸ ਦੀ ਰੋਕਥਾਮ ਲਈ ਖੇਤ ਨੂੰ ਨਦੀਨ ਰਹਿਤ ਰੱਖੋ।

ਉਪਰੋਕਤ ਦੱਸੀਆਂ ਹਦਾਇਤਾਂ ਅਨੁਸਾਰ, ਕਿਸਾਨ ਵੀਰ ਨਾ ਸਿਰਫ ਗਰਮੀ ਰੁੱਤੇ ਦਾਲਾਂ ਦੀ ਕਾਸ਼ਤ ਤੋਂ ਮੁਨਾਫਾ ਕਮਾ ਸਕਦੇ ਹਨ ਸਗੋਂ ਮਿੱਟੀ ਦੀ ਉਪਜਾਊ ਸ਼ਕਤੀ ਨੂੰ ਵਧਾਉਣ ਅਤੇ ਅਗਲੇਰੀ ਫਸਲ ਲਈ ਖਾਦਾਂ ਦੀ ਵਰਤੋਂ ਘਟਾਉਣ ਵਿੱਚ ਅਹਿਮ ਯੋਗਦਾਨ ਪਾ ਸਕਦੇ ਹਨ।

ਜੀਵਾਣੂ ਖਾਦ ਦਾ ਟੀਕਾ	ਮਾਤਰਾ ਪ੍ਰਤੀ ਏਕੜ ਬੀਜ	ਟੀਕਾ ਲਗਾਉਣ ਦਾ ਤਰੀਕਾ
ਸੱਠੀ ਮੂੰਗੀ : ਮਿਸ਼ਰਿਤ ਜੀਵਾਣੂੰ ਖਾਦ ਦਾ ਟੀਕਾ (ਰਾਈਜ਼ੋਬੀਅਮ ਐੱਲ ਐੱਸ ਐਮ ਆਰ-1 ਅਤੇ ਰਾਈਜ਼ੋਬੈਕਟੀਰੀਅਮ ਆਰ ਬੀ-3) **ਮਾਂਹ** : ਰਾਈਜ਼ੋਬੀਅਮ ਦਾ ਟੀਕਾ (ਐੱਲ ਯੂ ਆਰ-6)	ਇਕ ਪੈਕੇਟ	ਇਕ ਏਕੜ ਦੇ ਬੀਜ ਨੂੰ ਘੱਟ ਤੋਂ ਘੱਟ ਪਾਣੀ ਨਾਲ ਗਿੱਲ੍ਹਾ ਕਰੋ। ਰਾਈਜ਼ੋਬੀਅਮ ਦੇ ਪੈਕੇਟ ਨੂੰ ਗਿੱਲ੍ਹੇ ਬੀਜ ਨਾਲ ਚੰਗੀ ਤਰ੍ਹਾਂ ਰਲਾ ਦਿਉ। ਫਿਰ ਬੀਜ ਨੂੰ ਛਾਂਵੇ ਸੁਕਾ ਲਉ ਅਤੇ ਇਕ ਘੰਟੇ ਦੇ ਅੰਦਰ ਬਿਜਾਈ ਕਰ ਦਿਉ।

ਨੋਵਲ ਕੋਰੋਨਾ ਵਾਇਰਸ ਨਾਲ ਨਜਿੱਠਣ ਲਈ ਪੂਰੀ ਤਰ੍ਹਾਂ ਤਿਆਰ ਰਹੋ



ਆਪਣੇ ਆਪ ਨੂੰ ਬਚਾਉ ਅਤੇ ਬਿਮਾਰੀ ਤੋਂ ਬਚਣ ਦੇ ਤਰੀਕੇ ਅਪਣਾਉ।

2019 ਨੋਵਲ ਕੋਰੋਨਾ ਵਾਇਰਸ ਇਕ ਨਵਾਂ ਵਾਇਰਸ ਹੈ, ਜਿਸ ਦੀ ਪਛਾਣ ਪਹਿਲੀ ਵਾਰ ਚੀਨ ਦੇ ਵੂਹਾਨ ਸੂਬੇ ਵਿੱਚ ਕੀਤੀ ਗਈ ਹੈ। ਹੁਣ ਤੱਕ ਇਹ ਵਾਇਰਸ ਬਹੁਤ ਸਾਰੇ ਦੇਸ਼ਾਂ ਵਿੱਚ ਫੈਲ ਚੁੱਕਿਆ ਹੈ।

ਡਾ. ਦਲਜੀਤ ਸਿੰਘ ਪੂੰਨੀ
ਮੁੱਖ ਸਿਹਤ ਅਧਿਕਾਰੀ

ਕੋਈ ਵੀ ਵਿਅਕਤੀ ਜੋ 1 ਜਨਵਰੀ 2020 ਤੋਂ ਬਾਅਦ ਚੀਨ ਦੇ ਦੌਰੇ ਤੇ ਗਿਆ ਹੈ ਜਾਂ ਸ਼ੱਕੀ ਮਰੀਜ਼ ਦੇ ਸੰਪਰਕ ਵਿੱਚ ਆਇਆ ਹੈ ਤਾਂ ਤੁਰੰਤ ਸਿਹਤ ਸੰਸਥਾਵਾਂ ਨਾਲ ਸੰਪਰਕ ਕਰੋ।

ਆਮ ਲੱਛਣ

ਬੁਖਾਰ, ਖਾਂਸੀ, ਗਲ਼ੇ ਵਿੱਚ ਦਰਦ, ਸਾਹ ਲੈਣ ਵਿੱਚ ਤਕਲੀਫ, ਸਿਰ ਦਰਦ, ਛਾਤੀ ਵਿੱਚ ਦਰਦ

ਕਰੋਨਾ ਵਾਇਰਸ ਤੋਂ ਬਚਾਅ ਲਈ ਸਾਵਧਾਨੀਆਂ : ★ ਭੀੜ-ਭਾੜ ਵਾਲੇ ਇਲਾਕਿਆਂ ਵਿੱਚ ਜਾਣ ਤੋਂ ਗੁਰੇਜ਼ ਕਰੋ।

★ ਕਿਸੇ ਵੀ ਬਿਮਾਰ ਵਿਅਕਤੀ, ਜਿਸ ਨੂੰ ਖੰਘ/ਜ਼ੁਕਾਮ/ਛਿੱਕਾ ਲੱਗੀਆਂ ਹੋਣ, ਉਸ ਤੋਂ ਦੂਰੀ ਬਣਾ ਕੇ ਰੱਖੋ।

★ ਹੱਥਾਂ ਨੂੰ ਵਾਰ-ਵਾਰ ਸਾਬਣ ਨਾਲ ਧੋਂਦੇ ਰਹੋ, ਖਾਸ ਕਰਕੇ ਆਪਣੇ ਮੂੰਹ, ਅੱਖਾਂ, ਨੱਕ ਤੇ ਲਾਉਣ ਤੋਂ ਪਹਿਲਾਂ ਇਸ ਗੱਲ ਦਾ ਜ਼ਰੂਰ ਧਿਆਨ ਰੱਖੋ।

★ ਹੱਥਾਂ ਨੂੰ ਚੰਗੀ ਤਰ੍ਹਾਂ ਦੋਵੇਂ ਪਾਸਿਆਂ ਤੋਂ, ਉਂਗਲੀਆਂ ਦੇ ਵਿਚਕਾਰ, ਨਹੁੰਆਂ ਦੇ ਵਿਚਕਾਰ ਅਤੇ ਕੂਹਣੀਆਂ ਤੱਕ ਸਾਫ ਕਰੋ।

★ ਖੰਘਣ ਅਤੇ ਛਿੱਕਣ ਵੇਲੇ ਮੂੰਹ ਅਤੇ ਨੱਕ ਢੱਕ ਲਓ।

★ ਆਪਣੇ ਕੋਲ ਪੇਪਰ ਸਾਬਣ, ਸੈਨੀਟਾਈਜ਼ਰ ਆਦਿ ਹਮੇਸ਼ਾਂ ਰੱਖੋ ਤਾਂ ਕਿ ਲੋੜ ਪੈਣ ਤੇ ਵਰਤਿਆ ਜਾ ਸਕੇ। ਆਪਣੇ ਮੂੰਹ ਨੂੰ ਮਾਸਕ ਜਾਂ ਫਿਰ ਰੁਮਾਲ ਨਾਲ ਢੱਕ ਕੇ ਰੱਖੋ।

★ ਕੂੜੇਦਾਨਾਂ ਨੂੰ ਢੱਕ ਕੇ ਰੱਖੋ ਅਤੇ ਵਰਤੇ ਹੋਏ ਟਿਸ਼ੂ ਪੇਪਰਾਂ ਨੂੰ ਕੂੜੇਦਾਨ ਵਿੱਚ ਹੀ ਸੁੱਟੋ।

★ ਇਸ ਗੱਲ ਦਾ ਵੀ ਧਿਆਨ ਰੱਖੋ ਕਿ ਇਕ ਮਾਸਕ ਨੂੰ ਇਕ ਦਿਨ ਤੋਂ ਜ਼ਿਆਦਾ ਨਾ ਵਰਤੋ।

★ ਕਿਸੇ ਵੀ ਨਿਰਜੀਵ ਚੀਜ਼ ਵਿੱਚ ਇਹ ਵਾਇਰਸ 24 ਘੰਟੇ ਤੱਕ ਰਹਿ ਸਕਦਾ ਹੈ, ਸੋ ਬਚਾਅ ਲਈ ਸਾਬਣ ਦਾ ਇਸਤੇਮਾਲ ਕਰੋ।

★ ਜੇਕਰ ਕੋਈ ਵਿਅਕਤੀ ਐਸੇ ਦੇਸ਼ ਜਾਂ ਇਲਾਕੇ ਤੋਂ ਆਇਆ ਹੈ, ਜਿੱਥੇ ਕਰੋਨਾ ਵਾਇਰਸ ਫੈਲਿਆ ਹੈ, ਉਸਨੂੰ ਘਰ ਵਿਚ 14 ਦਿਨ ਰਹਿਣ ਦੀ ਸਲਾਹ ਦਿੱਤੀ ਜਾਂਦੀ ਹੈ।

★ ਆਪਣੇ ਆਪ ਨੂੰ, ਆਪਣੇ ਪਰਿਵਾਰ ਨੂੰ ਅਤੇ ਸਮਾਜ ਨੂੰ ਕਰੋਨਾ ਵਾਇਰਸ ਤੋਂ ਬਚਾਓ, ਜ਼ਿੰਮੇਵਾਰ ਬਣੋ।

ਜੇਕਰ ਉਪਰੋਕਤ ਲਿਖੇ ਲੱਛਣ ਦਿਖਾਈ ਦੇਣ ਤਾਂ ਬਿਨਾਂ ਦੇਰੀ ਕੀਤੇ ਨਜ਼ਦੀਕੀ ਸਿਹਤ ਸੰਸਥਾ ਨਾਲ ਜਾਂ ਹੇਠਾਂ ਲਿਖੇ ਨੰਬਰਾਂ ਤੇ ਸੰਪਰਕ ਕਰੋ :

ਨੈਸ਼ਨਲ ਕਾਲ ਸੈਂਟਰ : 011 23978046

ਲੁਧਿਆਣਾ ਕੰਟਰੋਲ ਰੂਮ ਸੈਂਟਰ : 0161-2444193

ਬਚਾਓ ਵਿੱਚ ਹੀ ਬਚਾਓ ਹੈ!

ਕਰੋਨਾ ਵਾਇਰਸ ਕੀ ਹੈ?

ਇਹ ਲਾਗ ਦੀ ਬਿਮਾਰੀ ਹੈ, ਜੋ ਜਾਨਲੇਵਾ ਵੀ ਹੋ ਸਕਦੀ ਹੈ।

ਕਰੋਨਾ ਵਾਇਰਸ ਤੋਂ ਬਚਾਅ ਲਈ ਸਾਵਧਾਨੀਆਂ

- ਭੀੜ-ਭਾੜ ਵਾਲੇ ਇਲਾਕਿਆਂ ਵਿੱਚ ਜਾਣ ਤੋਂ ਗੁਰੇਜ਼ ਕਰੋ।
- ਕਿਸੇ ਵੀ ਬਿਮਾਰ ਵਿਅਕਤੀ, ਜਿਸ ਨੂੰ ਖੰਘ / ਜ਼ੁਕਾਮ / ਛਿੱਕਾਂ ਲੱਗੀਆਂ ਹੋਣ, ਉਸ ਤੋਂ ਦੂਰੀ ਬਣਾ ਕੇ ਰੱਖੋ।
- ਹੱਥਾਂ ਨੂੰ ਵਾਰ-ਵਾਰ ਸਾਬਣ ਨਾਲ ਧੋਂਦੇ ਰਹੋ, ਖਾਸ ਕਰਕੇ ਆਪਣੇ ਮੂੰਹ, ਅੱਖਾਂ, ਨੱਕ 'ਤੇ ਲਾਉਣ ਤੋਂ ਪਹਿਲਾਂ ਇਸ ਗੱਲ ਦਾ ਜ਼ਰੂਰ ਧਿਆਨ ਰੱਖੋ।
- ਹੱਥਾਂ ਨੂੰ ਚੰਗੀ ਤਰ੍ਹਾਂ ਦੋਵੇਂ ਪਾਸਿਆਂ ਤੋਂ, ਉਂਗਲੀਆਂ ਦੇ ਵਿਚਕਾਰ, ਨਹੁੰਆਂ ਦੇ ਵਿਚਕਾਰ ਅਤੇ ਕੂਹਣੀਆਂ ਤੱਕ ਸਾਫ ਕਰੋ।
- ਖੰਘਣ ਅਤੇ ਛਿੱਕਣ ਵੇਲੇ ਮੂੰਹ ਅਤੇ ਨੱਕ ਢੱਕ ਲਓ।
- ਆਪਣੇ ਕੋਲ ਪੇਪਰ ਸਾਬਣ, ਸੈਨੀਟਾਇਜ਼ਰ ਆਦਿ ਹਮੇਸ਼ਾਂ ਰੱਖੋ ਤਾਂ ਕਿ ਲੋੜ ਪੈਣ 'ਤੇ ਵਰਤਿਆ ਜਾ ਸਕੇ।
- ਕੂੜੇਦਾਨਾਂ ਨੂੰ ਢੱਕ ਕੇ ਰੱਖੋ ਅਤੇ ਵਰਤੇ ਹੋਏ ਟਿਸ਼ੂ ਪੇਪਰਾਂ ਨੂੰ ਕੂੜੇਦਾਨ ਵਿੱਚ ਹੀ ਸੁੱਟੋ।
- ਆਪਣੇ ਮੂੰਹ ਨੂੰ ਮਾਸਕ ਜਾਂ ਫਿਰ ਰੁਮਾਲ ਨਾਲ ਢੱਕ ਕੇ ਰੱਖੋ।
- ਇਸ ਗੱਲ ਦਾ ਵੀ ਧਿਆਨ ਰੱਖੋ ਕਿ ਇੱਕ ਮਾਸਕ ਨੂੰ ਇਕ ਦਿਨ ਤੋਂ ਜ਼ਿਆਦਾ ਨਾ ਵਰਤੋ।
- ਕਿਸੇ ਵੀ ਨਿਰਜ਼ੀਵ ਚੀਜ਼ ਵਿੱਚ ਇਹ ਵਾਇਰਸ 24 ਘੰਟੇ ਤੱਕ ਰਹਿ ਸਕਦਾ ਹੈ, ਸੋ ਬਚਾਅ ਲਈ ਸਾਬਣ ਦਾ ਇਸਤੇਮਾਲ ਕਰੋ।
- ਜੇਕਰ ਕੋਈ ਵਿਅਕਤੀ ਐਸੇ ਦੇਸ਼ ਜਾਂ ਇਲਾਕੇ ਤੋਂ ਆਇਆ ਹੈ ਜਿਥੇ ਕੋਰੋਨਾ ਵਾਇਰਸ ਫੈਲਿਆ ਹੈ, ਉਸਨੂੰ ਘਰ ਵਿੱਚ 14 ਦਿਨ ਰਹਿਣ ਦੀ ਸਲਾਹ ਦਿੱਤੀ ਜਾਂਦੀ ਹੈ।
- ਆਪਣੇ ਆਪ ਨੂੰ, ਆਪਣੇ ਪਰਿਵਾਰ ਨੂੰ ਅਤੇ ਸਾਮਾਜ ਨੂੰ ਕੋਰੋਨਾ ਵਾਇਰਸ ਤੋਂ ਬਚਾਉ, ਜ਼ਿੰਮੇਵਾਰ ਬਣੋ।

ਖੇਤੀ ਦੁਨੀਆਂ ਵੱਲੋਂ ਜਨ-ਹਿੱਤ ਵਿੱਚ ਜਾਰੀ

ਦ੍ਰਿੜ ਇਰਾਦੇ ਨਾਲ ਕਾਮਯਾਬੀ ਦੀ ਮਿਸਾਲ

ਮੱਛੀ ਪਾਲਕ ਰਾਜਵੀਰ ਸਿੰਘ

ਪਲਵਿੰਦਰ ਸਿੰਘ, ਅਜੀਤਪਾਲ ਸਿੰਘ ਧਾਲੀਵਾਲ ਅਤੇ ਗੁਰਮੀਤ ਸਿੰਘ ਢਿੱਲੋਂ,
ਕ੍ਰਿਸ਼ੀ ਵਿਗਿਆਨ ਕੇਂਦਰ, ਬਠਿੰਡਾ ।

ਬਠਿੰਡੇ ਜ਼ਿਲ੍ਹੇ ਦੇ ਪਿੰਡ ਮਹਿਰਾਜ ਦਾ ਸਫਲ ਮੱਛੀ ਪਾਲਕ ਰਾਜਵੀਰ ਸਿੰਘ ਵਿੱਤੀ ਸੰਕਟ ਨਾਲ ਜੂਝ ਰਹੇ ਸੂਬੇ ਦੇ ਕਿਸਾਨ ਲਈ ਰਾਹ ਦਸੇਰਾ ਸਿੱਧ ਹੋ ਰਿਹਾ ਹੈ। ਰਾਜਵੀਰ ਸਿੰਘ ਦੇ ਪਿਤਾ ਜੀ ਸ਼੍ਰੀ ਨਛੱਤਰ ਸਿੰਘ ਆਪਣਾ ਪਿਤਾ-ਪੁਰਖੀ ਕਿੱਤਾ ਖੇਤੀਬਾੜੀ ਕਰਦੇ ਸਨ ਪਰ ਰਾਜਵੀਰ ਸਿੰਘ ਦੀ ਸੋਚ ਰਵਾਇਤੀ ਖੇਤੀ ਤੋਂ ਹਟਕੇ ਕੁਝ ਵੱਖਰਾ ਕਰਨ ਦੀ ਸੀ। ਸਾਲ 1998 ਵਿੱਚ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਉਹ ਕੰਮ ਦੀ ਤਲਾਸ਼ ਵਿੱਚ ਜੁੱਟ ਗਿਆ। ਇਸੇ ਤਲਾਸ਼ ਦੌਰਾਨ ਉਹ ਅਚਾਨਕ ਕ੍ਰਿਸ਼ੀ ਵਿਗਿਆਨ ਕੇਂਦਰ, ਬਠਿੰਡਾ ਵਿਖੇ ਆਇਆ ਜਿੱਥੇ ਉਸਨੂੰ ਵੱਖ-ਵੱਖ ਸਹਾਇਕ ਕਿੱਤਿਆਂ ਬਾਰੇ ਭਰਪੂਰ ਜਾਣਕਾਰੀ ਮਿਲੀ।

ਰਾਜਵੀਰ ਸਿੰਘ ਨੇ ਸਾਲ 2000 ਵਿੱਚ ਕ੍ਰਿਸ਼ੀ ਵਿਗਿਆਨ ਕੇਂਦਰ, ਬਠਿੰਡਾ ਅਤੇ ਮੱਛੀ ਪਾਲਣ ਵਿਭਾਗ ਬਠਿੰਡਾ ਰਾਹੀਂ ਆਯੋਜਿਤ ਮੱਛੀ ਪਾਲਣ ਦੀ ਸਿਖਲਾਈ ਲਈ। ਉਸਨੇ ਪਹਿਲਾਂ ਆਪਣੀ ਜ਼ਮੀਨ ਤੇ ਮੱਛੀ ਪਾਲਣ ਦੀ ਸ਼ੁਰੂਆਤ ਕੀਤੀ ਅਤੇ ਫਿਰ ਆਪਣੇ ਪਿੰਡ ਦੇ ਪੰਚਾਇਤੀ ਛੱਪੜ ਨੂੰ ਠੇਕੇ ਤੇ ਲੈ ਕੇ ਉਸ ਵਿੱਚ ਮੱਛੀ ਪਾਲਣ ਦਾ ਕੰਮ ਸ਼ੁਰੂ ਕੀਤਾ। ਦ੍ਰਿੜ ਇਰਾਦੇ ਅਤੇ ਸਖਤ ਮਿਹਨਤ ਕਾਰਨ ਰਾਜਵੀਰ ਨੂੰ ਇਸ ਕੰਮ ਵਿੱਚ ਅਜਿਹੀ ਸਫਲਤਾ ਮਿਲੀ ਕਿ ਫਿਰ ਉਸਨੇ ਪਿੱਛੇ ਮੁੜਕੇ ਨਹੀਂ ਦੇਖਿਆ ਅਤੇ ਉਸਨੇ ਆਸ-ਪਾਸ ਦੇ ਹੋਰਾਂ ਪਿੰਡਾਂ ਦੇ ਛੱਪੜਾਂ ਨੂੰ ਵੀ ਠੇਕੇ ਤੇ ਲੈ ਕੇ ਉਹਨਾਂ ਵਿੱਚ ਮੱਛੀ-ਪਾਲਣ ਦਾ ਕਿੱਤਾ ਸ਼ੁਰੂ ਕੀਤਾ। ਰਾਜਵੀਰ ਸਿੰਘ ਨੇ ਲਗਭਗ ਇਕ ਦਰਜਨ ਤੋਂ ਵੀ ਵਧੇਰੇ ਪਿੰਡਾਂ ਦੇ ਛੱਪੜਾਂ ਨੂੰ ਸਵਾਰਕੇ ਉਹਨਾਂ ਵਿੱਚ ਮੱਛੀ ਪਾਲਣ ਦਾ ਕੰਮ ਸ਼ੁਰੂ ਕੀਤਾ ਹੋਇਆ ਹੈ। ਇਹਨਾਂ ਵਿੱਚੋਂ ਇੱਕ ਛੱਪੜ ਪਿੰਡ ਚੌਟੀਆਂ ਦਾ ਹੈ ਜਿਸਨੂੰ ਰਾਜਵੀਰ ਸਿੰਘ ਨੇ ਸਾਲ 2005 ਵਿੱਚ ਲਗਭਗ 30 ਹਜ਼ਾਰ ਰੁਪਏ ਦੀ ਲਾਗਤ ਨਾਲ ਤਿਆਰ ਕੀਤਾ। ਖੂਬਸੂਰਤ ਤਲਾਬ ਦਾ ਰੂਪ ਧਾਰ ਚੁੱਕਾ ਹੈ। ਇਹ ਛੱਪੜ ਲਗਭਗ 6 ਏਕੜ ਵਿੱਚ ਫੈਲਿਆ ਹੋਇਆ ਹੈ ਅਤੇ ਇਸ ਤਲਾਬ ਦੇ ਆਲੇ-ਦੁਆਲੇ ਬੋਹੜ, ਪਿੱਪਲ ਅਤੇ ਟਾਹਲੀ ਵਰਗੇ ਅਨੇਕਾਂ ਰੁੱਖ ਲਗਾਏ ਗਏ ਹਨ, ਜਿਨ੍ਹਾਂ ਦੀ ਗਿਣਤੀ ਅੱਜ-ਕੱਲ੍ਹ ਘਟ ਰਹੀ ਹੈ। ਇਹਨਾਂ ਰੁੱਖਾਂ ਤੇ ਬਹੁਤ ਤਰ੍ਹਾਂ ਦੇ ਪੰਛੀ ਵੱਡੀ ਗਿਣਤੀ ਵਿੱਚ ਰਹਿੰਦੇ ਹਨ ਜਿਨ੍ਹਾਂ ਦੀਆਂ ਸੰਗੀਤਮਈ ਆਵਾਜ਼ਾਂ ਸਦਕਾ ਇੱਥੇ ਦੇ ਆਲੇ-ਦੁਆਲੇ ਵਿੱਚ ਵੱਖਰੀ ਕਿਸਮ ਦੀ ਖਿੱਚ ਹੈ। ਇਸੇ ਕਰਕੇ ਹੀ ਤਾਂ ਸਿਰਫ ਚੌਟੀਆਂ ਪਿੰਡ ਦੇ ਹੀ ਨਹੀਂ, ਸਗੋਂ ਆਸ-ਪਾਸ ਦੇ ਪਿੰਡਾਂ ਦੇ ਲੋਕ ਵੀ ਸਵੇਰੇ-ਸ਼ਾਮ ਇਸ ਮਨਮੋਹਕ ਵਾਤਾਵਰਣ ਵਿੱਚ ਸੈਰ ਕਰਨ ਦੇ ਲਈ ਆਉਂਦੇ ਹਨ। ਗਰਮੀਆਂ ਵਿੱਚ ਇਸ ਛੱਪੜ ਵਿੱਚ ਪਿੰਡ ਦੇ ਲੋਕ ਆਪਣੇ ਪਸ਼ੂ ਨੁਹਾਉਂਦੇ ਹਨ। ਇਹਨਾਂ ਪਸ਼ੂਆਂ ਦਾ ਮਲ-ਮੂਤਰ ਮੱਛੀਆਂ ਦੀ ਖੁਰਾਕ ਵਿੱਚ ਹਿੱਸਾ ਪਾਉਂਦਾ ਹੈ ਜਿਸ ਕਰਕੇ ਮੱਛੀਆਂ ਦੀ ਖੁਰਾਕ ਦੀ ਲਾਗਤ ਘਟਦੀ ਹੈ। ਮੱਛੀਆਂ ਕਰਕੇ ਹੀ ਇਸ ਛੱਪੜ ਦਾ ਪਾਣੀ ਹਮੇਸ਼ਾਂ ਸਾਫ ਰਹਿੰਦਾ ਹੈ। ਛੱਪੜਾਂ ਵਿੱਚ ਮੱਛੀ-ਪਾਲਣ ਦਾ ਇਕ ਲਾਭ ਇਹ ਵੀ ਹੈ ਕਿ ਇਸਦੇ ਕੱਚੇ ਤਲ ਚੋਂ ਪਾਣੀ ਲਗਾਤਾਰ ਹੇਠਾਂ ਸਿੰਮਦਾ ਰਹਿੰਦਾ ਹੈ ਜੋ ਕਿ ਧਰਤੀ ਹੇਠਲੇ ਪਾਣੀ ਦੇ ਪੱਧਰ ਨੂੰ ਉੱਚਾ ਚੁੱਕਣ ਵਿੱਚ ਸਹਾਈ ਹੁੰਦਾ ਹੈ। ਐਨੀਆਂ ਖੂਬੀਆਂ ਨੂੰ ਦੇਖਦਿਆਂ ਹੀ ਪਿੰਡ ਦੇ ਲੋਕਾਂ ਨੂੰ ਰਾਜਵੀਰ ਸਿੰਘ ਦਾ ਇਹ ਕੰਮ ਕਿਸੇ ਚਮਤਕਾਰ ਤੋਂ ਘੱਟ ਨਹੀਂ ਲਗਦਾ।

ਰਾਜਵੀਰ ਵੱਲੋਂ ਮੱਛੀ-ਪਾਲਣ ਲਈ ਤਿਆਰ ਕੀਤੇ ਤਲਾਬ ਦਾ ਦ੍ਰਿਸ਼।

ਰਾਜਵੀਰ ਸਿੰਘ ਆਪਣੇ ਕਾਮਿਆਂ ਨਾਲ।

ਰਾਜਵੀਰ ਸਿੰਘ ਨੇ ਦੱਸਿਆ ਕਿ ਬਾਜ਼ਾਰ ਵਿੱਚ ਦਿਨੋਂ-ਦਿਨ ਮੱਛੀਆਂ ਦੀ ਵੱਧ ਰਹੀ ਮੰਗ ਅਤੇ ਮੱਛੀਆਂ ਦਾ ਜਲਦੀ ਤਿਆਰ ਹੋਣਾ ਮੱਛੀ-ਪਾਲਣ ਨੂੰ ਇੱਕ ਕਾਰਗਰ ਕਿੱਤਾ ਬਣਾਉਂਦਾ ਹੈ। ਪੂੰਗ ਛੱਡਣ ਤੋਂ ਛੇ ਮਹੀਨੇ ਬਾਅਦ ਹੀ ਮੱਛੀਆਂ ਵਿਕਰੀ ਯੋਗ ਹੋ ਜਾਂਦੀਆਂ ਹਨ ਅਤੇ ਇਹ 10-12 ਹਜ਼ਾਰ ਰੁਪਏ ਪ੍ਰਤੀ ਕੁਇੰਟਲ ਦੇ ਹਿਸਾਬ ਨਾਲ ਵਿਕ ਜਾਂਦੀਆਂ ਹਨ। ਮੱਛੀ ਪਾਲਣ ਵਿਭਾਗ ਵੱਲੋਂ ਵੀ ਮੱਛੀ ਪਾਲਕਾਂ ਦੀ ਮੰਡੀਕਰਨ ਸਬੰਧੀ ਸਹਾਇਤਾ ਕੀਤੀ ਜਾਂਦੀ ਹੈ ਪਰ ਉਹ ਖੁਦ ਇਸ ਵੱਲ ਵਿਸ਼ੇਸ਼ ਧਿਆਨ ਦਿੰਦਾ ਹੈ ਅਤੇ ਖੁਦ ਮੰਡੀਕਰਨ ਕਰਦਾ ਹੈ। ਉਸ ਦੀ ਸਾਰੀ ਮੱਛੀ ਦੂਰ-ਨੇੜੇ ਦੇ ਇਲਾਕਿਆਂ ਵਿੱਚ ਹੀ ਆਸਾਨੀ ਨਾਲ ਵਿਕ ਜਾਂਦੀ ਹੈ।

ਮੱਛੀਆਂ ਫੜਨ ਲਈ ਕਾਮਿਆਂ ਦੀ ਲੋੜ ਪੈਂਦੀ ਹੈ, ਇਸ ਤਰ੍ਹਾਂ ਇਹ ਕਿੱਤਾ ਕੁੱਝ ਨੌਜਵਾਨਾਂ ਨੂੰ ਰੁਜ਼ਗਾਰ ਵੀ ਦਿੰਦਾ ਹੈ। ਉਸ ਨੇ ਦੱਸਿਆ ਕਿ ਉਹ ਮੱਛੀ ਪਾਲਣ ਦੇ ਧੰਦੇ ਵਿੱਚ ਇਕ ਏਕੜ ਪਿੱਛੇ ਇੱਕ ਸਾਲ ਵਿੱਚ 1 ਲੱਖ ਰੁਪਏ ਤੋਂ ਵੱਧ ਮੁਨਾਫਾ ਕਮਾ ਰਿਹਾ ਹੈ। ਪਿੰਡਾਂ ਦੇ ਪੁਰਾਣੇ ਛੱਪੜਾਂ ਨੂੰ ਸਵਾਰਕੇ ਉਹਨਾਂ ਵਿੱਚ ਮੱਛੀ-ਪਾਲਣ ਕਰਨ ਬਾਰੇ ਰਾਜਵੀਰ ਸਿੰਘ ਦਾ ਕਹਿਣਾ ਹੈ ਕਿ ਇਹ ਕੰਮ 'ਨਾਲੇ ਪੁੰਨ ਨਾਲੇ ਫਲੀਆਂ' ਵਾਲਾ ਹੈ ਜਿਸ ਨਾਲ ਇੱਕ ਪਾਸੇ ਤਾਂ ਅਸੀਂ ਕੁਦਰਤ ਦੀ ਅਨਮੋਲ ਦਾਤ ਪਾਣੀ ਨੂੰ ਸੰਭਾਲਣ ਵਿੱਚ ਆਪਣਾ ਯੋਗਦਾਨ ਪਾ ਸਕਦੇ ਹਾਂ ਅਤੇ ਨਾਲ ਹੀ ਅਸੀਂ ਰੁਜ਼ਗਾਰ, ਪੂੰਜੀ ਅਤੇ ਸਾਫ-ਸੁਥਰਾ ਵਾਤਾਵਰਣ ਵੀ ਪ੍ਰਾਪਤ ਕਰਦੇ ਹਾਂ।

ਰਾਜਵੀਰ ਸਿੰਘ ਨਾਲ ਗੱਲਬਾਤ ਦੌਰਾਨ ਸਰਕਾਰ ਵੱਲੋਂ ਮੱਛੀ ਪਾਲਣ ਦੇ ਕਿੱਤੇ ਨੂੰ ਉਤਸ਼ਾਹਤ ਕਰਨ ਦੀਆਂ ਯੋਜਨਾਵਾਂ ਬਾਰੇ ਵੀ ਪਤਾ ਲੱਗਿਆ। ਉਸਨੇ ਦੱਸਿਆ ਕਿ ਮੱਛੀ-ਪਾਲਣ ਵਿਭਾਗ ਇਸ ਕਿੱਤੇ ਨੂੰ ਅਪਨਾਉਣ ਦੇ ਇੱਛਕ ਕਿਸਾਨਾਂ ਨੂੰ ਨਵੇਂ ਛੱਪੜ ਦੀ ਪੁਟਾਈ ਲਈ ਪ੍ਰਤੀ ਹੈਕਟੇਅਰ 3 ਲੱਖ ਰੁਪਏ ਦਾ ਕਰਜ਼ਾ ਮੁਹੱਈਆ ਕਰਾਉਂਦਾ ਹੈ, ਜਿਸ ਵਿੱਚ ਸਰਕਾਰ ਵੱਲੋਂ 50 ਫੀਸਦੀ ਭਾਵ ਡੇਢ ਲੱਖ ਰੁਪਏ ਤੱਕ ਸਬਸਿਡੀ ਦਿੱਤੀ ਜਾਂਦੀ ਹੈ।

ਰਾਜਵੀਰ ਸਿੰਘ ਹੋਰਨਾਂ ਕਿਸਾਨਾਂ ਨੂੰ ਵੀ ਅਪੀਲ ਕਰਦਾ ਹੈ ਕਿ ਉਹ ਵੀ ਖੇਤੀਬਾੜੀ ਦੇ ਨਾਲ-ਨਾਲ ਮੱਛੀ ਪਾਲਣ ਨੂੰ ਸਹਾਇਕ ਧੰਦੇ ਵਜੋਂ ਅਪਨਾਉਣ। ਇਹ ਧੰਦਾ ਉਨ੍ਹਾਂ ਦੀ ਮਾਲੀ ਹਾਲਤ ਸੁਧਾਰਨ ਵਿੱਚ ਸਹਾਈ ਹੋਵੇਗਾ।

ਸੰਘ ਲੋਕ ਸੇਵਾ ਆਯੋਗ

ਰਾਸ਼ਟਰੀ ਰੱਖਿਆ ਅਕਾਦਮੀ ਅਤੇ ਨੌਸੇਨਾ ਅਕਾਦਮੀ ਪ੍ਰੀਖਿਆ (II) 2020

ਸੰਘ ਲੋਕ ਸੇਵਾ ਆਯੋਗ ਵੱਲੋਂ **02 ਜੁਲਾਈ, 2021** ਤੋਂ ਸ਼ੁਰੂ ਹੋਣ ਵਾਲੇ ਰਾਸ਼ਟਰੀ ਰੱਖਿਆ ਅਕਾਦਮੀ ਦੇ ਥਲ ਸੇਨਾ, ਨੌ ਸੇਨਾ ਅਤੇ ਹਵਾਈ ਸੇਨਾ ਵਿੰਗਾਂ ਵਿੱਚ ਭਰਤੀ ਲਈ 146ਵੇਂ ਕੋਰਸ ਅਤੇ ਭਾਰਤੀ ਨੌ ਸੇਨਾ ਅਕਾਦਮੀ ਦੇ 108ਵੇਂ ਕੋਰਸ (ਆਈ.ਐਨ.ਏ.ਸੀ.) ਵਿੱਚ ਭਰਤੀ ਲਈ **06 ਸਤੰਬਰ, 2020 ਨੂੰ ਰਾਸ਼ਟਰੀ ਰੱਖਿਆ ਅਕਾਦਮੀ ਅਤੇ ਨੌ ਸੇਨਾ ਅਕਾਦਮੀ ਪ੍ਰੀਖਿਆ (II) 2020** ਆਯੋਜਿਤ ਕੀਤੀ ਜਾਵੇਗੀ। ਵਿਸਥਾਰਤ ਸੂਚਨਾ ਆਯੋਗ ਦੀ ਵੈਬਸਾਈਟ [http://upsc.gov.in] 'ਤੇ 16 ਜੂਨ, 2020 ਨੂੰ ਉਪਲੱਬਧ ਹੋ ਜਾਵੇਗੀ। ਬਿਨੈ ਪੱਤਰ ਜਮਾ ਕਰਨ ਦੀ ਆਖਰੀ ਮਿਤੀ 06-07-2020 ਹੈ।

ਉਮੀਦਵਾਰਾਂ ਨੂੰ ਸਿਰਫ ਆਨਲਾਈਨ ਮੋਡ ਰਾਹੀਂ http://upsc.gov.in 'ਤੇ ਹੀ ਬਿਨੈ ਕਰਨਾ ਹੈ। ਕਿਸੇ ਦੂਜੇ ਮੋਡ ਰਾਹੀਂ ਬਿਨੈ ਕਰਨ ਦੀ ਮਨਜੂਰੀ ਨਹੀਂ ਹੈ। ਯੋਗਤਾ ਦੀਆਂ ਸ਼ਰਤਾਂ, ਪ੍ਰੀਖਿਆ ਦੀ ਯੋਜਨਾ ਅਤੇ ਪਾਠਕ੍ਰਮ, ਪ੍ਰੀਖਿਆ ਕੇਂਦਰ, ਆਨਲਾਈਨ ਬਿਨੈ ਪੱਤਰ ਭਰਨ ਲਈ ਅਨੁਦੇਸ਼ ਆਦਿ ਦੇ ਵਿਸ਼ੇ ਵਿੱਚ ਵਿਸਥਾਰਤ ਜਾਣਕਾਰੀ ਲਈ, ਉਮੀਦਵਾਰ ਆਯੋਗ ਦੀ ਵੈਬਸਾਈਟ 'ਤੇ ਉਪਲੱਬਧ ਪ੍ਰੀਖਿਆ ਦੀ ਵਿਸਥਾਰਤ ਸੂਚਨਾ ਦੇਖੋ।

davp 10621/14/0001/2021

ਪੰਜਾਬ ਵਾਸੀਓ !

ਪਾਣੀ ਦੀ ਅਹਿਮੀਅਤ ਸਮਝੋ !

- ਇੱਕ ਕਿਲੋ ਮਾਸ (ਮੀਟ) ਪੈਦਾ ਹੋਣ ਤੱਕ 500 ਲੀਟਰ ਪਾਣੀ (ਚਾਰਾ, ਖੁਰਾਕ, ਪੀਣ ਅਤੇ ਨਹਾਉਣ ਲਈ) ਖਰਚ ਹੋ ਜਾਂਦਾ ਹੈ।
- ਇੱਕ ਕਿਲੋ ਕਣਕ ਪੈਦਾ ਕਰਨ ਲਈ 1000 ਲੀਟਰ ਅਤੇ ਇੱਕ ਕਿਲੋ ਚਾਵਲਾਂ ਨੂੰ ਪੈਦਾ ਕਰਨ ਲਈ 4000 ਲੀਟਰ ਪਾਣੀ ਖਰਚ ਹੋ ਜਾਂਦਾ ਹੈ।
- ਇੱਕ ਕਿਲੋ ਸਿਆਲੂ ਮੱਕੀ ਨੂੰ ਪੈਦਾ ਕਰਨ ਲਈ 5500 ਲੀਟਰ ਪਾਣੀ ਦੀ ਜ਼ਰੂਰਤ ਹੁੰਦੀ ਹੈ।
- ਇੱਕ ਕਿਲੋ ਦੁੱਧ ਪੈਦਾ ਕਰਨ ਲਈ 800 ਲੀਟਰ ਪਾਣੀ ਖਰਚ ਹੋ ਜਾਂਦਾ ਹੈ।
- ਇੱਕ ਕਿਲੋ ਚੀਨੀ ਪੈਦਾ ਕਰਨ ਲਈ 2000 ਲੀਟਰ ਪਾਣੀ ਖਰਚ ਹੋ ਜਾਂਦਾ ਹੈ।
- ਝੋਨੇ ਦੀ 29 ਲੱਖ ਹੈਕਟੇਅਰ ਖੇਤੀ ਸਮੇਂ ਅੰਦਾਜ਼ਨ 64 ਲੱਖ ਖਰਬ ਲੀਟਰ ਸਾਫ਼ ਪਾਣੀ ਵਰਤਿਆ ਜਾਂਦਾ ਹੈ।
- ਪੰਜਾਬ ਵਿੱਚ ਅੰਦਾਜ਼ਨ 15 ਲੱਖ ਖੇਤੀ ਟਿਊਬਵੈਲ ਅਤੇ 25 ਲੱਖ ਦੂਜੇ ਬੋਰ, ਜਿਵੇਂ ਘਰਾਂ ਵਿੱਚ ਸਬਮਰਸੀਬਲ ਪੰਪ, ਫੈਕਟਰੀਆਂ ਅਤੇ ਉਦਯੋਗਾਂ ਵੱਲੋਂ ਵਰਤੋਂ ਵਿੱਚ ਲਿਆਏ ਜਾ ਰਹੇ ਹਨ।

ਪੰਜਾਬ ਹਰ ਸਾਲ ਅੰਦਾਜ਼ਨ 32 ਖਰਬ ਰੁਪਏ ਦਾ (50 ਪੈਸੇ ਪ੍ਰਤੀ ਲੀਟਰ ਦੇ ਹਿਸਾਬ ਨਾਲ) ਪਾਣੀ ਵਰਤ ਰਿਹਾ ਹੈ।

ਸੋਚੋ... ਪਾਣੀ ਦੀ ਵਰਤੋਂ ਸਮਝ ਕੇ ਕਰੋ

ਜੂਨ ਦੇ ਦੂਜੇ ਪੰਦਰਵਾੜੇ ਵਿੱਚ
ਬਾਸਮਤੀ ਦੀ ਬਿਜਾਈ ਲਈ ਕਿਸਮਾਂ ਦੀ ਚੋਣ

ਕਿਸਮ	ਔਸਤਨ ਝਾੜ (ਕੁਇ./ਏਕੜ)	ਪੱਕਣ ਦਾ ਸਮਾਂ ਦਿਨ (ਪਨੀਰੀ ਸਮੇਤ)	ਪਨੀਰੀ ਬੀਜਣ ਦਾ ਸਮਾਂ	ਪਨੀਰੀ ਪੁੱਟ ਕੇ ਲਾਉਣ ਦਾ ਸਮਾਂ
ਸੀ ਐਸ ਆਰ-30	13.5	142	ਜੂਨ ਦਾ	ਜੁਲਾਈ ਦਾ
ਬਾਸਮਤੀ-370	12	150	ਦੂਜਾ	ਦੂਜਾ
ਪੂਸਾ ਬਾਸਮਤੀ-1509	9	155	ਪੰਦਰੁਵਾੜਾ	ਪੰਦਰੁਵਾੜਾ
ਪੂਸਾ ਬਾਸਮਤੀ-1637	17.5	138		
ਪੂਸਾ ਬਾਸਮਤੀ-1121	13.7	137		

★ **ਪਨੀਰੀ ਦੀ ਉਮਰ** : ਬਾਸਮਤੀ ਦੀ ਪਨੀਰੀ ਵਿਚ ਜਦੋਂ 5 ਤੋਂ 6 ਪੱਤੇ ਨਿਕਲ ਆਉਣ ਜਾਂ ਬਿਜਾਈ ਤੋਂ 25-30 ਦਿਨਾਂ ਪਿੱਛੋਂ ਪੁੱਟ ਕੇ ਖੇਤ ਵਿੱਚ ਲਾਉਣ ਲਈ ਤਿਆਰ ਹੋ ਜਾਂਦੀ ਹੈ। ਜੇਕਰ ਪਨੀਰੀ ਵੱਡੀ ਉਮਰ ਦੀ ਹੋ ਜਾਵੇ ਤਾਂ ਇਸ ਨਾਲ ਪਨੀਰੀ ਨੂੰ ਗੰਢਾਂ ਪੈ ਜਾਂਦੀਆਂ ਹਨ। ਸ਼ਾਖਾਂ ਘੱਟ ਫੁੱਟਦੀਆਂ ਹਨ ਅਤੇ ਝਾੜ ਘੱਟ ਜਾਂਦਾ ਹੈ। ਪੂਸਾ ਬਾਸਮਤੀ-1509 ਦੀ 25 ਦਿਨ ਦੀ ਪਨੀਰੀ ਖੇਤ ਵਿੱਚ ਲਗਾ ਦੇਣੀ ਚਾਹੀਦੀ ਹੈ।

★ **ਬਾਸਮਤੀ ਦੀ ਸਿੱਧੀ ਬਿਜਾਈ** : ਬਾਸਮਤੀ ਦੀ ਸਿੱਧੀ ਬਿਜਾਈ ਲਈ ਪੂਸਾ ਬਾਸਮਤੀ-1509 ਨੂੰ ਤਰਜ਼ੀਹ ਦਿਓ। ਬਿਜਾਈ ਲਈ ਪੀ ਏ ਯੂ ਦੀ ਲੱਕੀ ਸੀਡ ਡਰਿੱਲ ਦੀ ਵਰਤੋਂ ਹੋਣੀ ਵਾਲੇ ਖੇਤਾਂ ਵਿੱਚ ਜ਼ਿਆਦਾ ਲਾਹੇਵੰਦ ਹੈ। ਜੋ ਕਿ ਬਿਜਾਈ ਦੇ ਨਾਲ ਨਾਲ ਨਦੀਨ ਨਾਸ਼ਕ ਦੀ ਸਪਰੇਅ ਵੀ ਕਰਦੀ ਹੈ।

ਜੇ ਸਿੱਧੀ ਬਿਜਾਈ ਵਾਲਾ ਝੋਨਾ ਕਰੰਡ ਹੋ ਗਿਆ ਹੈ ਤਾਂ ਕੀ ਕਰੀਏ?

ਪੰਜਾਬ ਵਿੱਚ ਮਈ ਮਹੀਨੇ ਦੇ ਅਖੀਰਲੇ ਦਿਨਾਂ ਵਿੱਚ ਬਾਰਿਸ਼ ਪੈਣ ਕਰਕੇ, ਦੂਸਰੀਆਂ ਫਸਲਾਂ ਦੀ ਤਰ੍ਹਾਂ, ਝੋਨੇ ਦੀ ਫਸਲ ਵੀ ਕਰੰਡ ਹੋ ਸਕਦੀ ਹੈ। ਕਿਸਾਨਾਂ ਵੱਲੋਂ ਸਿੱਧੀ ਬਿਜਾਈ ਨੂੰ ਲੈ ਕੇ ਕਈ ਤਰ੍ਹਾਂ ਦੇ ਸੁਆਲ ਆ ਰਹੇ ਹਨ ਜਿਵੇਂ ਕਿ

★ ਅਰੇਤੇ ਬੀਜੇ ਝੋਨੇ ਦੀ ਸਿਧੀ ਬਿਜਾਈ ਵਾਲੇ ਖੇਤ ਕਰੰਡ ਹੋਣ ਬਾਰੇ।

★ ਕਰੰਡ ਦਾ ਹੱਲ ਕਰਨ ਬਾਰੇ।

★ ਬਾਰਿਸ਼ ਦਾ ਸਿੱਧੀ ਬੀਜੀ ਫਸਲ ਦੇ ਫੁਟਾਰਾ ਕਰਨ ਅਤੇ ਬਾਹਰ ਨਿਕਲਣ ਬਾਰੇ। ਕਿਸਾਨ ਵੀਰ ! ਇਸ ਵਿੱਚ ਘਬਰਾਉਣ ਦੀ ਕੋਈ ਲੋੜ ਨਹੀਂ । ਕਰੰਡ ਹੋਏ ਖੇਤਾਂ ਵਿਚ ਸਰੀਆਂ ਵਾਲੀ ਕਰੰਡੀ (ਜਾਲ) ਮਾਰ ਕੇ ਕਰੰਡ ਤੋੜੀ ਜਾ ਸਕਦੀ ਹੈ। ਜੇਕਰ ਕਰੰਡੀ ਨਾ ਮਿਲੇ ਤਾਂ ਕੋਈ ਵੀ ਜ਼ੀਰੋ ਟਿਲ ਡਰਿੱਲ ਨੂੰ ਹੋਫਾ (ਅੱਧਾ ਇੰਚ

ਡੂੰਘਾਈ ਤੱਕ) ਮਾਰ ਕੇ ਕਰੰਡ ਤੋੜੀ ਜਾ ਸਕਦੀ ਹੈ। ਜੇਕਰ ਖੇਤ ਵਿੱਚ ਝੋਨਾ ਕਾਫੀ ਬਾਹਰ ਆ ਗਿਆ ਹੈ ਅਤੇ ਕੁਝ ਥਾਂਵਾਂ ਤੇ ਕਰੰਡ ਕਾਰਨ ਬਾਹਰ ਆਉਣ ਤੋਂ ਰੁਕਿਆ ਹੈ ਉਹਨਾਂ ਥਾਂਵਾਂ ਤੇ ਹੱਥ ਨਾਲ ਚੱਲਣ ਵਾਲੀ ਕਰੰਡੀ ਵਰਤ ਕੇ ਕਰੰਡ ਤੋੜੀ ਜਾ ਸਕਦੀ ਹੈ।

★ ਕਿਸਾਨ ਵੀਰ, ਇਸ ਗੱਲ ਦਾ ਧਿਆਨ ਰੱਖੋ ਕਿ ਝੋਨੇ ਦੀ ਸਿੱਧੀ ਬਿਜਾਈ 1.0 ਤੋਂ 1.5 ਇੰਚ ਡੂੰਘਾਈ ਤੇ ਹੀ ਕੀਤੀ ਜਾਵੇ ਤਾਂ ਕਿ ਬਾਰਿਸ਼ ਪੈਣ ਦੀ ਸੰਭਾਵਨਾ ਵਾਲੇ ਦਿਨਾਂ ਵਿੱਚ ਵੀ ਝੋਨਾ ਸੋਖਾ ਬਾਹਰ ਆ ਸਕੇ। ਇਸ ਤੋਂ ਜ਼ਿਆਦਾ ਡੂੰਘਾਈ ਤੇ ਝੋਨਾ ਬੀਜਣ ਨਾਲ ਜ਼ੋਰ ਉੱਪਰ ਜ਼ਿਆਦਾ ਬਾਰਸ਼ ਪੈ ਜਾਵੇ ਤਾਂ ਬੀਜ ਵਾਲੇ ਸਿਆੜ ਮਿੱਟੀ ਨਾਲ ਭਰਨ ਕਰਕੇ ਝੋਨੇ ਦੇ ਬੀਜ ਦੇ ਬਾਹਰ ਆਉਣ ਵਿੱਚ ਦਿੱਕਤ ਆ ਸਕਦੀ ਹੈ।

★ਜਿੰਨਾਂ ਖੇਤਾਂ ਵਿੱਚ ਝੋਨਾ ਕਰੰਡ ਹੋ ਗਿਆ ਹੈ ਉੱਥੇ ਪਾਣੀ ਦੇਣ ਨਾਲੋਂ ਕਰੰਡ ਤੋੜਨ ਨੂੰ ਜ਼ਿਆਦਾ ਤਰਜ਼ੀਹ ਦਿਉ ਕਿਉਂਕਿ ਪਾਣੀ ਦੇਣ ਨਾਲ ਨਦੀਨਾਂ ਦੀ ਸਮੱਸਿਆ ਵੱਧ ਸਕਦੀ ਹੈ।

★ ਜੇ ਕਿਤੇ ਕਰੰਡ ਤੋੜਨ ਵਾਲਾ ਕੋਈ ਵੀ ਵਿਕਲਪ ਨਾ ਹੋਵੇ ਤਾਂ, ਸਿਰਫ ਉਨ੍ਹਾਂ ਹਾਲਤਾਂ ਵਿੱਚ ਹੀ,ਖੇਤ ਨੂੰ ਹਲਕਾ ਪਾਣੀ ਦੇ ਦਿਉ, ਉਸ ਨਾਲ ਵੀ ਝੋਨਾ ਬਾਹਰ ਆ ਜਾਵੇਗਾ।

★ ਇਕ ਹੋਰ ਗੱਲ ਧਿਆਨ ਵਿੱਚ ਰੱਖਣੀ ਜ਼ਰੂਰੀ ਹੈ ਕਿ ਝੋਨੇ ਦੀ ਸਿੱਧੀ ਬਿਜਾਈ ਕਰਨ ਤੋਂ ਪਹਿਲਾਂ ਮੌਸਮ ਦੀ ਜਾਣਕਾਰੀ ਜ਼ਰੂਰ ਲਵੋ। ਜੇਕਰ ਅਗਲੇ 2-3 ਦਿਨਾਂ ਵਿੱਚ ਬਾਰਿਸ਼ ਆਉਣ ਦੀ ਸੰਭਾਵਨਾ ਹੋਵੇ ਤਾਂ ਬਿਜਾਈ ਥੋੜਾ ਲੇਟ ਕਰਨ ਵਿੱਚ ਹੀ ਸਮਝਦਾਰੀ ਹੈ ਤਾਂ ਕਿ ਕਰੰਡ ਹੋਣ ਤੋਂ ਬਚਿਆ ਜਾ ਸਕੇ।

ਬਾਕੀ ਸਫਾ 1 ਦੀ

ਝੋਨੇ ਦੀ ਸਿੱਧੀ ਬਿਜਾਈ ਇੱਕ ਗੰਭੀਰ ਮਸਲਾ

ਕਿਲੋ/ਹੈਕਟੇਅਰ ਖਾਦ ਗਿਰਾਉਣ ਲਈ ਇੰਤਜ਼ਾਮ ਕਰ ਲੈਣਾ ਚਾਹੀਦਾ ਹੈ। ਬੀਜ 3-4 ਸੈਂਟੀਮੀਟਰ ਦੀ ਗਹਿਰਾਈ ਤੇ ਗਿਰਨਾ ਚਾਹੀਦਾ ਹੈ। ਵਧੇਰੇ ਗਹਿਰਾਈ ਤੇ ਬੀਜ ਦਾ ਫੁਟਾਰਾ ਦੇਰੀ ਨਾਲ ਹੋਵੇਗਾ ਅਤੇ ਕਲ੍ਹੇ (ਸਿੱਟੇ) ਘੱਟ ਆਉਣ ਦੀ ਸਥਿਤੀ ਸਮੇਂ ਪੈਦਾਵਾਰ ਤੇ ਮਾੜਾ ਅਸਰ ਪੈ ਸਕਦਾ ਹੈ। ਬਿਜਾਈ ਕਰਦੇ ਸਮੇਂ ਬੀਜ ਅਤੇ ਖਾਦ ਦੀਆਂ ਨਾਲੀਆਂ (ਪਾਈਪਾਂ) ਦੀ ਲਗਾਤਾਰ ਨਿਗਰਾਨੀ ਕਰਨੀ ਚਾਹੀਦੀ ਹੈ, ਕਿਉਂਕਿ ਇਨ੍ਹਾਂ ਦੇ ਬੰਦ ਹੋਣ ਦੀ ਸੂਰਤ ਵਿੱਚ ਪੌਦਿਆਂ ਦੀ ਗਿਣਤੀ ਅਤੇ ਖਾਦ ਦੀ ਵੰਡ ਪ੍ਰਭਾਵਿਤ ਹੋ ਸਕਦਾ ਹੈ, ਜਿਸ ਕਾਰਨ ਪੈਦਾਵਾਰ ਘੱਟ ਸਕਦੀ ਹੈ। ਆਮ ਤੌਰ ਤੇ ਬਿਜਾਈ ਸਮੇਂ ਮਸ਼ੀਨ ਵਿੱਚ ਡੀ ਏ ਪੀ ਜਾਂ ਐਨ ਪੀ ਕੇ ਜਾਂ ਸਿੰਗਲ ਸੁਪਰ ਫਾਸਫੇਟ ਦੀ ਵਰਤੋਂ ਕਰਨੀ ਚਾਹੀਦੀ ਹੈ। ਯੂਰੀਆ ਪੋਟਾਸ਼ ਅਤੇ ਜ਼ਿੰਕ ਸਲਫੇਟ ਦੀ ਵਰਤੋਂ, ਪੌਦਿਆਂ ਦੇ ਜੰਮਣ ਪਿਛੋਂ ਟਾਪ-ਡਰੈਸਿੰਗ ਦੇ ਰੂਪ ਵਿਚ ਕਰਨੀ ਚਾਹੀਦੀ ਹੈ। ਇਸ ਵਿਧੀ ਸਮੇਂ, ਬਿਜਾਈ ਤੋਂ ਬਾਅਦ ਪਾਟਾ ਚਲਾਉਣ ਦੀ ਜ਼ਰੂਰਤ ਨਹੀਂ ਹੁੰਦੀ ਅਤੇ ਪੰਛੀਆਂ ਵੱਲੋਂ ਨੁਕਸਾਨ ਵੀ ਨਹੀਂ ਹੁੰਦਾ।

ਗਿੱਲੀ-ਵਿਧੀ ਨਾਲ ਝੋਨੇ ਦੀ ਸਿੱਧੀ ਬਿਜਾਈ : ਕੱਦੂ (ਪਡਲਿੰਗ) ਕੀਤੇ ਖੇਤਾਂ ਵਿੱਚ, ਸਤਹ ਦੇ ਉਪਰ, ਪਹਿਲਾਂ ਤੋਂ ਫੁਟਾਰੇ ਕੀਤੇ ਬੀਜਾਂ ਦੀ ਬਿਜਾਈ ਕਰਨ ਦੀ ਵਿੱਧੀ ਵਾਯੂ ਜੀਵੀ ਗਿਲ੍ਹੀ ਵਿਧੀ ਨਾਲ ਝੋਨੇ ਦੀ ਸਿੱਧੀ ਬਿਜਾਈ ਕਰਨ ਦੀ ਵਿਧੀ ਕਿਹਾ ਜਾਂਦਾ ਹੈ, ਪ੍ਰੰਤੂ ਜਦੋਂ ਬੀਜਾਂ ਨੂੰ ਕੱਦੂ/ਪਡਲਿੰਗ ਕੀਤੇ ਖੇਤਾਂ ਵਿੱਚ, ਪਹਿਲਾਂ ਤੋਂ ਫੁਟਾਰੇ ਬੀਜਾਂ, ਡਰਿਲ ਕਰਕੇ ਮਿੱਟੀ ਵਿੱਚ ਦਬਾਅ ਦਿੰਦੇ ਹਾਂ ਤਾਂ ਇਸ ਨੂੰ ਵਾਯੂ-ਮੁਕਤ ਜੀਵੀ ਗਿਲ੍ਹੀ ਵਿਧੀ ਰਾਹੀਂ ਝੋਨੇ ਦੀ ਸਿੱਧੀ ਬਿਜਾਈ ਕਹਿੰਦੇ ਹਨ।

ਡਾ. ਆਰ ਕੇ ਸਿੰਘ, ਮੁਖੀ, ਕ੍ਰਿਸ਼ੀ ਵਿਗਿਆਨਕ ਕੇਂਦਰ (ਕੇ ਵੀ ਕੇ) ਬਰੇਲੀ।

ADAMA

ਅਦਾਮਾ ਦੇ ਚਾਰ ਅਚੂਕ ਹਥਿਆਰ

ਪ੍ਰੇਟਿਗਾਨ™
ਇੱਕ ਸ਼ਕਤੀਸ਼ਾਲੀ ਉੱਗਣ ਤੋਂ ਪਹਿਲਾਂ ਵਰਤਿਆ ਜਾਣ ਵਾਲਾ ਨਦੀਨਨਾਸ਼ਕ

ਬੋਰੇਗਾਨ®-ਜੀ

ਨਰਕਿਸ®
ਖਰਪਤਵਾਰਾਂ ਨੂੰ ਉਗਣ ਤੋਂ ਬਾਅਦ ਖੱਤਮ ਕਰੋ

ਪੈਡੀਵਿਕ੍ਸ™

400-600 ਮਿ.ਲੀ. ਪ੍ਰਤੀ ਏਕੜ

100 ਮਿ.ਲੀ. ਪ੍ਰਤੀ ਏਕੜ

600 ਮਿ.ਲੀ. ਪ੍ਰਤੀ ਏਕੜ

ਤਣਾਂ ਛੇਦਕ ਪੱਤਾ ਲਪੇਟ

7.5-10 ਕਿ.ਗ੍ਰਾ. ਪ੍ਰਤੀ ਏਕੜ

ADAMA

ਅਦਾਮਾ ਇੰਡੀਆ ਪ੍ਰਾਈਵੇਟ ਲਿਮਿਟੇਡ

ਪਲਾਟ ਨੰ. ਡੀ ਐਸ – 13, ਆਈ.ਕੇ.ਪੀ. ਨੌਲੇਜ ਪਾਰਕ, ਸਰਵੇ ਨੰ. 542/2, ਜੇਨੋਮ ਵੈਲੀ, ਤੁਰਕਾਪੱਲੀ, ਸ਼ਮੀਰਪੇਟ, ਜਿਲ੍ਹਾਂ – ਰੰਗਾ ਰੇਡੀ (ਹੈਦਰਾਬਾਦ) – 500 078, ਤੇਲੰਗਾਨਾ, ਭਾਰਤ

ਕਿਸਾਨ ਸੇਵਾ ਕੇਂਦਰ ਨੰ. (ਟੋਲ ਫ੍ਰੀ) : 1800-103-4991